# ਵਰਿਆਮ

ਪੱਚੀਵਾਂ ਸਾਲ ਜੂਨ ੨੦੦੦



ਹਮ ਜਬ ਹਵਨ ਯਗ ਕਰਵੈ ਹੈ ਖੁਸਹੋ ਘਨ ਜਲ ਬਹੁ ਬਰਸੈ ਹੈ
ਦੂਰ ਭਿਖ ਨਸੈ ਅੰਨ ਬਹੁ ਥੈ ਹੈ ਸੁਕ੍ਰਿਤ ਸਭ ਕਰਨੇ ਲਗ ਜੈ ਹੈ
ਨਸੇ ਅਵਿਦਯਾ ਵਿਦਿਯਾ ਐ ਹੈ ਸੂਰਬੀਰਤਾ ਜਗ ਪ੍ਰਗਟੈ ਹੈ

ਗੁਰੂ ਗੋਬਿੰਦ ਸਿੰਘ ਜੀ ਦੇ ਬਚਨ
ਗਿਆਨੀ ਗਿਆਨ ਸਿੰਘ ਜੀ ਦੁਆਰਾ ਪੰਥ ਪ੍ਰਕਾਸ਼ ਵਿਚ ਅੰਕਿਤ

ਤਸਵੀਰ : ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ, ਜਲੰਧਰ ਵਿਚ ਨਾਮਧਾਰੀ ਵਿਦਿਅਕ ਜਥੇ ਵੱਲੋਂ ਆਯੋਜਤ ਹਵਨ ਯੱਗ ਸਮਾਰੋਹ ਦਾ ਦ੍ਰਿਸ਼।

Sri Satguru Jagjit Singh Ji eLibrary NamdhariElibrary@gmail.com

https://archive.org/details/namdhari




ਪੰਜਾਬੀ ਅਕਾਦਮੀ ਦਿੱਲੀ ਵਲੋਂ ਸਾਲ ੧੯੯੭-੯੮ ਦਾ ਗਲਪ ਪੁਰਸਕਾਰ "ਟੁਕੜਿਆਂ ਵਿਚ ਵੰਡਿਆ ਆਦਮੀ" ਨੂੰ ਦਿੱਤਾ ਗਿਆ। ਤਸਵੀਰ ਵਿਚ ਪੁਸਤਕ ਦੇ ਲੇਖਕ ਸ. ਪ੍ਰੀਤਮ ਸਿੰਘ ਪੰਛੀ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਖਸ਼ਤ ਤੋਂ ਪੁਰਸਕਾਰ ਪ੍ਰਾਪਤ ਕਰਦੇ ਹੋਏ।



ਨਾਮਧਾਰੀ ਵਿਦਿਅਕ ਜੱਥਾ ਜਲੰਧਰ ਵਲੋਂ ਸਹਿਯੋਗੀ ਜੱਥਿਆਂ ਨਾਲ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ, ਜਲੰਧਰ ਵਿਚ ੭ ਮਈ ੨੦੦੦ ਨੂੰ ਆਯੋਜਤ ਸਮਾਗਮ ਵਿਚ ਵਰਿਆਮ ਦੇ ਸਿਲਵਰ ਜੁਬਲੀ ਸਾਲ ਦੇ ਸੰਬੰਧ ਵਿਚ ਸੰਪਾਦਕ ਵਰਿਆਮ ਨੂੰ ਸਨਮਾਨਤ ਕਰਦੇ ਹੋਏ ਨਾਮਧਾਰੀ ਵਿਦਿਅਕ ਜਥੇ ਦੇ ਕੇਂਦਰੀ ਪ੍ਰਧਾਨ ਸੰਤ ਗੁਰਮੁਖ ਸਿੰਘ 'ਰਹਿਬਰ', ਜਲੰਧਰ ਜੱਥੇ ਦੇ ਮੀਤ ਪ੍ਰਧਾਨ ਸ. ਮਨਧੀਰ ਸਿੰਘ ਜਵਾਹਰ, ਪ੍ਰਧਾਨ ਸੁਰਿੰਦਰ ਸਿੰਘ ਛਿੰਦਾ ਅਤੇ ਮੰਚ ਸਕੱਤਰ ਸਰਬਜੀਤ ਸਿੰਘ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਜੂਨ ੨੦੦੦ | ਜਿਲਦ-੨੫ | ਅੰਕ ੮

## ਤਤਕਰਾ

ਸੰਪਾਦਕੀ *-ਜਗਦੀਸ਼ ਸਿੰਘ* ---------- ੨
ਤਿਆਗੀ ਜੋੜਾ-ਭਲਾਈ ਵਾਪਸ ਮਿਲਦੀ ਹੈ *-ਜੇ.ਪੀ. ਵਾਸਵਾਨੀ* ---------- ੩
ਨਿੰਦਕ ਹਮਰਾ ਮੀਤੁ *-ਜਸਵੰਤ ਸਿੰਘ ਵਿਰਦੀ* ---------- ੫
ਨਾਮਧਾਰੀ ਅੰਦੋਲਨ ਦੀ ਇਤਿਹਾਸਕ ਤੇ ਰਾਜਨੀਤਕ ਮਹਾਨਤਾ *-ਡਾ. ਅਜੀਤ ਸਿੰਘ* ---------- ੬
ਗ਼ਜ਼ਲ *- ਹਰਭਜਨ ਸਿੰਘ ਰਤਨ-ਮਹਾਂਬੀਰ ਸਿੰਘ ਦਰਦੀ* ---------- ੧੪
ਗ਼ਜ਼ਲ *-ਅਜੀਤ ਸਿੰਘ ਚੀਮਾ*, ਦੋਹੇ *-ਸੁਵਰਨ ਸਿੰਘ ਵਿਰਕ* ---------- ੧੫
ਗੀਤ *-ਸੰਤੋਖ ਸਿੰਘ ਸਫਰੀ-ਨੀਲਮ ਸੰਜੀਵ* ---------- ੧੬
ਚਸ਼ਮਾ (ਕਹਾਣੀ) *-ਜਸਵੰਤ ਸਿੰਘ ਵਿਰਦੀ* ---------- ੧੭
ਬਚਿਤ੍ਰ ਨਾਟਕ ਇਕ ਅਪੂਰਵ ਕ੍ਰਿਤੀ *-ਉਥਾਨਕਾ ਡਾ. ਜੋਧ ਸਿੰਘ* ---------- ੨੧
" " " " " " " *- ਸ਼ਬਦਾਰਥ ਭਾਵਾਰਥ ਪ੍ਰਿੰ. ਬੇਅੰਤ ਕੌਰ*
ਤਾਰਾ ਸਿੰਘ ਅਨਜਾਣ ਦੀ "ਅੰਧੇਰੈ ਦੀਪਕੁ ਬਾਲੀਐ *-ਹਰਜਿੰਦਰ ਸਿੰਘ ਕੰਵਲ* ---------- ੨੭
ਅਗਨ ਕਥਾ (ਪੁਸਤਕ ਚਰਚਾ) *-ਸੁਰਜੀਤ ਪਾਤਰ* ---------- ੨੯
ਖ਼ਬਰਨਾਮਾ ---------- ੩੩
ਪ੍ਰਤੀਕਿਰਿਆ ---------- ੩੭

### ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
ਸਾਹਮਣੇ ਸੈਂਟਰਲ ਟਾਊਨ
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 222543 (O)
56289 (R)

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
SAGGU
IRON INDUSTRIES
ਸੱਗੂ ਆਇਰਨ ਇੰਡਸਟਰੀਜ਼
Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
All Type of Gear & Chain Sprockets & Industrial Chain
Partner: S. Puran Singh Saggu
S. Narinder Singh Saggu
Old Railway Road, Jalandhar.
Phone : 58795, 59056


Sri Satguru Jagjit Singh Ji eLibrary NamdhariElibrary@gmail.com

https://archive.org/details/namdhari



## ਆਰਸੀ ਦੀ ਅਲਵਿਦਾ

ਪੰਜਾਬੀ ਦਾ ਹਰਮਨ ਪਿਆਰਾ ਮਾਸਕ ਪੱਤਰ ਆਰਸੀ ਤਰਤਾਲੀ ਸਾਲ ਦੀ ਲੰਮੀ ਰੌਲ ਲਾ ਕੇ ਅਲਵਿਦਾ ਕਹਿ ਗਿਆ ਹੈ। ਇਹ ਪੰਜਾਬੀ ਸਾਹਿਤ ਜਗਤ ਵਾਸਤੇ ਬਹੁਤ ਉਦਾਸੀ ਭਰੀ ਖਬਰ ਹੈ। ਭਾਪਾ ਪ੍ਰੀਤਮ ਸਿੰਘ ਜਿਹੀ ਸੁੱਘੜ ਸਿਆਣੀ ਅਤੇ ਸੰਜਮੀ ਸ਼ਖਸੀਅਤ ਦੀ ਸੋਚ ਅਤੇ ਹੱਥਾਂ ਦੀ ਕ੍ਰਿਤ 'ਆਰਸੀ' ਨੇ ਪੰਜਾਬੀ ਸਾਹਿਤ ਨੂੰ ਉੱਚਾ ਮੁਕਾਮ ਦਵਾਉਣ ਵਿਚ ਭਰਪੂਰ ਯੋਗਦਾਨ ਪਾਇਆ ਹੈ। ਉੱਚੇ ਮਿਆਰ ਦੇ ਇਸ ਪਰਚੇ ਵਿਚ ਛਪ ਜਾਣਾ ਹੀ ਕਿਸੇ ਸਾਹਿਤਕਾਰ ਵਾਸਤੇ ਸਨਦ ਤੋਂ ਘੱਟ ਨਹੀਂ ਸੀ ਹੁੰਦਾ।

ਆਪਣੇ ਜੂਨ ੨੦੦੦ ਦੇ ਅੰਕ ਵਿਚ ਭਾਵ ਭੂਰਤਪੁਰ ਸੰਖੇਪ ਸੰਪਾਦਕੀ ਵਿਚ ਭਾਪਾ ਪ੍ਰੀਤਮ ਸਿੰਘ ਜੀ ਨੇ ਲਿਖਿਆ ਹੈ :-

"ਮੈਂ ਸਮਝਦਾ ਹਾਂ ਕਿ 'ਆਰਸੀ' ਨੇ ਜੋ ਦੇਣਾ ਸੀ ਦੇ ਚੁੱਕੀ ਹੈ। ਜੋ ਰੋਲ ਅਦਾ ਕਰਨ ਲਈ ਇਹਦਾ ਜਨਮ ਹੋਇਆ ਸੀ ਉਹ ਅਦਾ ਕਰ ਚੁੱਕੀ ਹੈ, ਹੁਣ ਤਾਂ ਧੰਦ ਪਿਟਣ ਵਾਲੀ ਹੀ ਗੱਲ ਹੈ। ਤੇ ਮੈਨੂੰ ਉਹ ਸੰਤੁਸ਼ਟੀ ਨਹੀਂ ਜੋ ਇਹਦੇ ਆਰੰਭ ਵਿਚ ਤੇ ਫਿਰ ਇਹਦੇ ਚੜ੍ਹਦੇ ਤੇ ਲਹਿੰਦੇ ਜੋਬਨ ਕਾਲ ਵਿਚ ਸੀ, ਇਹਨੂੰ ਝੁਰੜੀਆਂ ਪੈਂਦੀਆਂ ਮੈਂ ਵੇਖਣਾ ਨਹੀਂ ਚਾਹੁੰਦਾ..... ।" ਅੱਗੇ ਜਾ ਕੇ ਭਾਪਾ ਪ੍ਰੀਤਮ ਸਿੰਘ ਜੀ ਲਿਖਦੇ ਹਨ।

"ਮੈਂ ਸਾਹਿਤ ਰਸੀਆ ਸਾਂ, ਸਾਹਿਤਕਾਰਾਂ ਲਈ ਮੇਰੇ ਦਿਲ ਵਿਚ ਪਿਆਰ ਤੇ ਸ਼ਰਧਾ ਸੀ ਤੇ ਸਾਹਿਤਕ ਰੁਚੀਆਂ ਵਾਲੇ ਪਾਠਕਾਂ ਦੇ ਘੇਰੇ ਨੂੰ ਵੀ ਥੋੜ੍ਹਾ ਬਹੁਤ ਵਿਸ਼ਾਲਣ ਦੀ ਰੀਝ ਸੀ, ਪਰ ਹੁਣ ਸਾਹਿਤਕ ਖੇਤਰ ਬਹੁਤ ਵਿਸ਼ਾਲਿਆ ਜਾ ਚੁੱਕਾ ਹੈ। ਰਸਾਲੇ ਨਿਕਲ ਰਹੇ ਹਨ। ਦੈਨਿਕ ਸਮਾਚਾਰ ਪੱਤਰ ਵੀ ਸਪਤਾਹਿਕ ਸਾਹਿਤਕ ਪੰਨੇ ਛਾਪ ਰਹੇ ਹਨ। ਇਹ ਸਭ ਕੁਝ ਚੰਗਾ ਹੋ ਰਿਹਾ ਹੈ ਤੇ ਆਸ ਹੈ ਹੋਰ ਚੰਗੇ ਤੋਂ ਚੰਗੇਰਾ ਹੋਵੇਗਾ। ਸਮਾਜ ਵਿਚ ਅਜੇਹਾ ਹੁੰਦਾ ਆਇਆ ਹੈ ਤੇ ਹੁੰਦਾ ਰਹੇਗਾ। ਪੁਰਾਣੇ ਪੱਤੇ ਝੜਦੇ ਤੇ ਨਵੇਂ ਪੁੰਗਰਦੇ ਰਹੇ ਹਨ।"

ਆਰਸੀ ਨੇ ਇਕ ਬਹੁਤ ਉੱਚਾ ਮਿਆਰ ਕਾਇਮ ਕੀਤਾ ਸੀ। ਬਾਕੀ ਰਸਾਲੇ ਉਸ ਵਰਗਾ ਹੋਣਾ ਲੋਚਦੇ ਸਨ। ਦੇਸ ਪ੍ਰਦੇਸ ਵਿਚ ਵਸਦੇ ਪੰਜਾਬੀ ਸਾਹਿਤ ਪ੍ਰੇਮੀ ਇਸ ਨਾਲ ਜੁੜੇ ਹੋਏ ਸਨ। ਜਾਣੋ ਇਸ ਦੀ ਆਪਣੀ ਇਕ ਸਾਹਿਤਕ ਸੰਪ੍ਰਦਾਇ ਸੀ। ਆਰਸੀ ਵਿਚ ਨਾ ਸਰਕਾਰੀ ਤੇ ਨਾ ਪ੍ਰਾਈਵੇਟ ਅਦਾਰਿਆਂ ਦੇ ਇਸ਼ਤਿਹਾਰ ਵੇਖਣ ਨੂੰ ਮਿਲੇ। ਬਸ ਭਾਪਾ ਪ੍ਰੀਤਮ ਸਿੰਘ ਜੀ ਦੇ ਆਪਣੇ ਅਦਾਰੇ ਨਵਯੁਗ ਪਰੈਸ ਜਾਂ ਪਬਲਿਸ਼ਰਜ ਦੀਆਂ ਪੁਸਤਕਾਂ ਦੀਆਂ ਸੂਚੀਆਂ ਹੁੰਦੀਆਂ। ਜੋ ਖਰਚ ਕੀਤਾ ਆਪਣੀ ਕਿਰਤ ਕਮਾਈ ਚੋਂ ਹੀ ਕੀਤਾ।

ਭਾਵੇਂ ਕਿੰਨੇ ਰਸਾਲੇ ਜਾਂ ਅਖਬਾਰਾਂ ਨਿਤ ਪੰਜਾਬੀ ਸਾਹਿਤ ਨੂੰ ਛਾਪਣ ਪਰ ਆਰਸੀ ਦੇ ਵਿਦਾ ਹੋਣ ਨਾਲ ਜੋ ਖੱਪਾ ਪਿਆ ਹੈ ਉਹ ਭਰਿਆ ਨਹੀਂ ਜਾਣਾ। ਆਰਸੀ ਜਿਹੇ ਸਥਾਪਤ ਰਸਾਲੇ ਦਾ ਪੰਜਾਬੀ ਸਾਹਿਤ ਮੰਚ ਤੋਂ ਇਵੇਂ ਅਲੋਪ ਹੋ ਜਾਣਾ (ਭਾਵੇਂ ਕਿੰਨੀ ਸ਼ਾਨ ਨਾਲ ਹੀ ਸਹੀ) ਫਿਕਰਮੰਦੀ ਦੀ ਇਕ ਲੰਮੀ ਲੀਕ ਛੱਡ ਗਿਆ ਹੈ ਅਤੇ ਬਾਕੀ ਬਚੇ ਪੰਜਾਬੀ ਰਸਾਲਿਆਂ ਦੀ ਹੋਣੀ ਬਾਰੇ ਭਾਰੀ ਪ੍ਰਸ਼ਨ ਚਿੰਨ੍ਹ ਖੜ੍ਹਾ ਕਰ ਗਿਆ ਹੈ। ਸਾਨੂੰ ਇਸ ਖ਼ਬਰ ਨੇ ਸਦਮੇ ਵਰਗਾ ਅਹਿਸਾਸ ਕਰਾਇਆ ਹੈ।

ਆਰਸੀ ਦੀ ਸ਼ਾਨ ਅਤੇ ਭਾਪਾ ਪ੍ਰੀਤਮ ਸਿੰਘ ਦੀ ਘਾਲਨਾ ਅੱਗੇ ਸਾਡੇ ਝੰਡੇ ਝੁਕੇ ਪਏ ਹਨ।

**--ਜਗਦੀਸ਼ ਸਿੰਘ**

## ਕਸੇਲ ਤੇ ਪਦਮ ਦਾ ਸਨਮਾਨ

ਪੰਜਾਬੀ ਸਾਹਿਤ ਸਭਾ ਦਿਲੀ ਸਾਰੇ ਪੰਜਾਬੀਆਂ ਦਾ ਮਾਣ ਹੈ। ਇਸ ਸਾਹਿਤ ਸਭਾ ਕੋਲ ਆਪਣਾ ਸ਼ਾਨਦਾਰ ਭਵਨ ਹੈ ਸਰਗਰਮੀਆਂ ਹਨ, ਲਾਇਬ੍ਰੇਰੀ ਹੈ ਅਤੇ ਵੱਖ-ਵੱਖ ਲਾਇਬ੍ਰੇਰੀਆਂ ਨੂੰ ਸਸਤੀਆਂ ਪੁਸਤਕਾਂ ਦੇਣ ਦੀਆਂ ਯੋਜਨਾਵਾਂ ਹਨ। ਸਮੇਂ ਸਮੇਂ ਪੰਜਾਬੀ ਲੇਖਕਾਂ ਨੂੰ ਯੋਗ ਸਨਮਾਨ ਵੀ ਇਹ ਸਭਾ ਦਿੰਦੀ ਹੈ। ਹੁਣੇ ਹੁਣੇ ਹੀ ਪ੍ਰਸਿੱਧ ਪੰਜਾਬੀ ਲੇਖਕ ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਪ੍ਰੋ. ਪਿਆਰਾ ਸਿੰਘ ਪਦਮ ਹੋਰਾਂ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਹੈ ਜਿਸ ਦੇ ਫਲਸਰੂਪ ੨੫੦੦ ਰੁਪਏ ਮਾਸਕ ਵੀ ਇਹਨਾਂ ਲੇਖਕਾਂ ਨੂੰ ਭੇਟ ਕੀਤੇ ਜਾਣਗੇ। ਇਸ ਤੋਂ ਇਲਾਵਾ ਸਵਰਗੀ ਗਿਆਨੀ ਕੁਲਦੀਪ ਸਿੰਘ ਦਿੱਲੀ ਦੀ ਸਪੁਤਰੀ ਬੀਬੀ ਪ੍ਰੇਮ ਕੌਰ ਨੂੰ ੫੧੦੦੦/- ਦੀ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ ਹੈ।

ਅਸੀਂ ਪੰਜਾਬੀ ਸਾਹਿਤ ਸਭਾ ਦਿਲੀ ਦੇ ਉਦਮ ਦੀ ਦਿਲੀ ਪਰਸੰਸਾ ਕਰਦਿਆਂ ਪ੍ਰੋ. ਕਸੇਲ ਅਤੇ ਪਦਮ ਜੀ ਨੂੰ ਮੁਬਾਰਕਾਂ ਦਿੰਦੇ ਹਾਂ



Sri Satguru Jagjit Singh Ji eLibrary NamdhariElibrary@gmail.com

# ਭਲਾਈ ਵਾਪਸ ਮਿਲਦੀ ਹੈ

ਪੋਲੈਂਡ ਦੀ ਹਵਾਈ ਫ਼ੌਜ ਦਾ ਇਕ ਪਾਇਲਟ ਰੋਮਨ ਟਰਸਕਾਈ ਜਰਮਨੀ ਦੇ ਉੱਪਰ ਉੱਡ ਰਿਹਾ ਸੀ ਕਿ ਉਹਦੇ ਹਵਾਈ ਜਹਾਜ਼ ਵਿਚ ਮਕੈਨਕੀ ਨੁਕਸ ਪੈ ਗਿਆ। ਉਹਨੂੰ ਜਰਮਨ ਧਰਤੀ ਉੱਤੇ ਮਜਬੂਰਨ ਉਤਰਨਾ ਪਿਆ। ਉਹਨੇ ਜਹਾਜ਼ ਨੂੰ ਮੁਰੰਮਤ ਵਾਸਤੇ ਭੇਜ ਦਿੱਤਾ ਅਤੇ ਆਪ ਇਕ ਹੋਟਲ ਵਿਚ ਠਹਿਰ ਗਿਆ।

ਅਗਲੀ ਸਵੇਰ ਜਦੋਂ ਉਹ ਹੋਟਲ ਦੇ ਬਰਾਮਦੇ 'ਚੋਂ ਲੰਘ ਰਿਹਾ ਸੀ ਤਾਂ ਇਕ ਛੋਟਾ ਜਿਹਾ ਆਦਮੀ ਦੌੜਦਾ ਹੋਇਆ ਆਇਆ ਤੇ ਉਸ ਵਿਚ ਠਾਹ ਕਰਕੇ ਵੱਜਾ। ਰੋਮਨ ਟਰਸਕਾਈ ਨੂੰ ਬਹੁਤ ਬੁਰਾ ਲੱਗਾ, ਪਰ ਜਦੋਂ ਉਹਨੇ ਛੋਟੇ ਆਦਮੀ ਦੇ ਚਿਹਰੇ ਵਲ ਵੇਖਿਆ ਤਾਂ ਉਹ ਸਹਿਮ ਨਾਲ ਪੀਲਾ ਪਿਆ ਹੋਇਆ ਸੀ। ਉਹ ਬੰਦਾ ਚੀਕ ਰਿਹਾ ਸੀ "ਗੈਸਟੈਪੋ। ਗੈਸਟੈਪੋ। ਗੈਸਟੈਪੋ ਜਰਮਨ ਦੀ ਖ਼ੁਫ਼ੀਆ ਪੁਲੀਸ ਸੀ। ਜੋ ਬਹੁਤ ਖ਼ਤਰਨਾਕ ਸੀ। ਇਹ ਤਾਂ ਸਾਫ ਹੀ ਸੀ ਕਿ ਗੈਸਟੈਪੋ ਉਸ ਛੋਟੇ ਆਦਮੀ ਦੇ ਸ਼ਿਕਾਰ ਉਤੇ ਸੀ। ਰੋਮਨ ਟਰਸਕਾਈ ਨੂੰ ਸਾਰੀ ਸਥਿਤੀ ਦੀ ਸਮਝ ਆ ਗਈ ਅਤੇ ਉਹਨੇ ਆਦਮੀ ਨੂੰ ਆਪਣੇ ਕਮਰੇ ਵਿਚ ਧੱਕ ਕੇ ਮੰਜੇ ਹੇਠ ਲੁਕਾ ਦਿੱਤਾ। ਥੋੜ੍ਹੀ ਦੇਰ ਬਾਦ ਪੁਲੀਸ ਆਈ ਤੇ ਟਰਸਕਾਈ ਤੋਂ ਪੁੱਛ-ਗਿਛ ਕੀਤੀ। ਉਹਨੂੰ ਉਹਨਾਂ ਦੀ ਬੋਲੀ ਸਮਝ ਨਾ ਆਈ ਤੇ ਪੁਲੀਸ ਖਹਿੜਾ ਛੱਡ ਕੇ ਚਲੀ ਗਈ।

ਪਾਇਲਟ ਨੇ ਇਸ ਆਦਮੀ ਨੂੰ ਜਰਮਨੀ ਵਿਚੋਂ ਕੱਢ ਕੇ ਪੋਲੈਂਡ ਦੀ ਰਾਜਧਾਨੀ ਵਾਰਸਾ ਲੈ ਜਾਣ ਦੀ ਪੇਸ਼ਕਸ਼ ਕੀਤੀ, ਪਰ ਨਾਲ ਹੀ ਸਲਾਹ ਦਿੱਤੀ ਉਹ ਵਾਰਸਾ ਪਹੁੰਚਣ ਤੋਂ ਪਹਿਲਾਂ ਹਵਾਈ ਅੱਡੇ ਤੋਂ ਕੁਝ ਦੂਰੀ ਪਹਿਲਾਂ ਹੀ ਉਤਰ ਜਾਵੇ। ਕਿਉਂਕਿ ਅੱਡੇ ਤੇ ਪਹੁੰਚਣ ਮਗਰੋਂ ਪੋਲੈਂਡ ਦੀ ਪੁਲੀਸ ਨੇ ਵੀ ਜਹਾਜ਼ ਦੀ ਤਲਾਸ਼ੀ ਲੈਣੀ ਹੈ।

ਅਗਲੇ ਦਿਨ ਜਹਾਜ਼ ਵਾਰਸਾ ਦੇ ਹਵਾਈ ਅੱਡੇ ਤੇ ਉਤਰਿਆ, ਪੁਲੀਸ ਨੇ ਤਲਾਸ਼ੀ ਵੀ ਲਈ, ਪਰ ਪਾਇਲਟ ਨੇ ਉਸ ਮਧਰੇ ਬੰਦੇ ਨੂੰ ਕਿਸੇ ਤਰ੍ਹਾਂ ਪਹਿਲਾਂ ਹੀ ਖੇਤਾਂ ਵਿਚ ਉਤਾਰਨ ਵਿਚ ਸਫਲਤਾ ਹਾਸਲ ਕਰ ਲਈ ਸੀ।

ਟਰਸਕਾਈ ਇਸ ਗੱਲ ਅਤੇ ਮਧਰੇ ਕੱਦ ਦੇ ਬੰਦੇ ਨੂੰ ਭੁਲ ਭੁਲਾ ਗਿਆ ਸੀ। ਇਸ ਤੋਂ ਥੋੜ੍ਹੇ ਸਮੇਂ ਬਾਦ ਦੂਸਰੀ ਸੰਸਾਰ ਜੰਗ ਸ਼ੁਰੂ ਹੋ ਗਈ। ਪੋਲੈਂਡ ਉਤੇ ਜਰਮਨੀ ਨੇ ਕਬਜ਼ਾ ਕਰ ਲਿਆ। ਟਰਸਕਾਈ ਇੰਗਲੈਂਡ ਨੂੰ ਉੜ ਗਿਆ। ਇੰਗਲੈਂਡ ਦੀ ਰਾਇਲ ਏਅਰ ਫੋਰਸ ਵਿਚ ਸ਼ਾਮਲ ਹੋ ਗਿਆ ਅਤੇ ਲੜਾਈ ਦਾ ਹੀਰੋ ਬਣ ਗਿਆ। ਦੁਸ਼ਮਣ ਦੇ ਕਈ ਜਹਾਜ਼ਾਂ ਨੂੰ ਭਸਮ ਕਰਨ ਬਾਦ ਉਹਦੇ ਆਪਣੇ ਜਹਾਜ਼ ਨੂੰ ਵੀ ਗੋਲਾ ਲਗ ਗਿਆ। ਜਹਾਜ਼ ਨੂੰ ਮਜਬੂਰਨ ਧਰਤੀ ਤੇ ਉਤਰਨਾ ਪਿਆ। ਬਚਾਓ ਦਲ ਨੇ ਵੇਖਿਆ ਕਿ ਟਰਸਕਾਈ ਜਿਊਂਦਾ ਘੱਟ ਤੇ ਮੁਰਦਾ ਜ਼ਿਆਦਾ ਹੈ। ਲਾਗਲੇ ਹਸਪਤਾਲ ਵਿਚ ਉਹਨੂੰ ਪਹੁੰਚਾਇਆ ਗਿਆ। ਉਸ ਦਾ ਇਲਾਜ ਓਪਰੇਸ਼ਨ ਸੀ, ਪਰ ਡਾਕਟਰ ਓਪਰੇਸ਼ਨ ਕਰਨ ਤੋਂ ਝਿਜਕਦਾ ਸੀ।

ਅਗਲੇ ਦਿਨ ਅਖਬਾਰਾਂ ਨੇ ਟਰਸਕਾਈ ਦੇ ਹਾਦਸੇ ਨੂੰ ਚਮਕਾ ਦਿੱਤਾ। ਟਰਸਕਾਈ ਤਾਂ ਬੇਹੋਸ਼ ਸੀ। .... ਖੈਰ ਜਦੋਂ ਉਹਨੂੰ ਹੋਸ਼ ਆਈ ਉਸਨੇ ਵੇਖਿਆ ਕਿ ਇਕ ਮਧਰੇ ਕੱਦ ਦਾ ਬੰਦਾ ਚਮਕਦੀਆਂ ਅੱਖਾਂ ਨਾਲ ਉਸ ਵੱਲ ਵੇਖ ਰਿਹਾ ਸੀ। ਉਹਨੇ ਟਰਕਸਾਈ ਨੂੰ ਪੁੱਛਿਆ, ਮੈਨੂੰ ਪਛਾਣਦੈਂ ? ਮੈਂ ਉਹ ਹੀ ਹਾਂ ਜਿਸ ਨੂੰ ਤੂੰ ਬਚਾਇਆ ਸੀ ਜਰਮਨ ਪੁਲੀਸ ਤੋਂ। ਅੱਜ ਸਵੇਰੇ ਮੈਂ ਅਖਬਾਰਾਂ ਵਿਚ ਪੜ੍ਹਿਆ ਕਿ ਤੂੰ ਜ਼ਿੰਦਗੀ ਅਤੇ ਮੌਤ ਵਿਚਕਾਰ ਲਟਕਿਆ ਬੇਹੋਸ਼ ਪਿਆ ਹੈ ਅਤੇ ਉਸ ਵੇਲੇ ਮੈਂ ਜਹਾਜ਼ ਤੇ ਉਡ ਕੇ ਇਥੇ ਆ ਗਿਆ।

ਟਰਸਕਾਈ ਨੇ ਪੁੱਛਿਆ ਤੂੰ ਕਾਹਦੇ ਲਈ ਆਇਆ ਹੈਂ ?

ਆਦਮੀ ਨੇ ਉੱਤਰ ਦਿਤਾ ਇਸ ਵਾਸਤੇ ਆਇਆ ਤਾਂ ਕਿ ਕੋਈ ਮੱਦਦ ਕਰ ਸਕਾਂ। ਲੋਕ ਕਹਿੰਦੇ ਨੇ ਕਿ ਮੈਂ ਦਿਮਾਗ ਦੀ ਸਰਜਰੀ ਦੇ ਸਭ ਤੋਂ ਨਿਪੁੰਨ ਸਰਜਨਾਂ ਵਿਚੋਂ ਹਾਂ। ਮੈਂ ਇਥੇ ਆਇਆ, ਓਪਰੇਸ਼ਨ ਕੀਤਾ ਅਤੇ ਤੇਰੀ ਜਾਨ ਵਿਚ ਮੁੜ ਜਾਨ ਆ ਗਈ। ਕਿੰਨਾ ਸੱਚ ਹੈ ਕਿ ਜੋ ਤੁਸੀਂ ਕਿਸੇ ਨਾਲ ਭਲਾ ਕਰਦੇ ਹੋ ਤੁਹਾਨੂੰ ਵਾਪਸ ਮਿਲਦਾ ਹੈ, ਪਰ ਜੋ ਮਾੜਾ ਕਰਦੇ ਹੋ ਉਹ ਤੁਹਾਡੇ ਕੋਲ ਹੀ ਰਹਿੰਦਾ ਹੈ।

# ਤਿਆਗੀ ਜੋੜਾ

ਇਕ ਜੋੜਾ ਇਸਤਰੀ ਪੁਰਖ ਸੀ। ਉਸਨੇ ਦੁਨਿਆਵੀ ਸੁੱਖਾਂ ਨੂੰ ਤਿਆਗ ਕੇ ਵੱਖ-ਵੱਖ ਤੀਰਥਾਂ ਦੀ ਯਾਤਰਾ ਦਾ ਰਾਹ ਫੜਿਆ ਹੋਇਆ ਸੀ।

ਇਕ ਦਿਨ ਜਦੋਂ ਉਹ ਚੱਲ ਰਹੇ ਸਨ ਤਾਂ ਅੱਗੇ-ਅੱਗੇ ਚਲ ਰਹੇ ਪਤੀ ਨੇ ਧਰਤੀ ਤੇ ਪਿਆ ਹੋਇਆ ਇਕ ਚਮਕਦਾ ਲਾਲ ਵੇਖਿਆ। ਉਸ ਨੇ ਸੋਚਿਆ ਕਿ ਮੇਰੀ ਇਸਤਰੀ ਕਿਤੇ ਇਸ ਲਾਲ ਦੇ ਲਾਲਚ ਵਿਚ ਹੀ ਨਾ ਆ ਜਾਵੇ ਅਤੇ ਤਿਆਗ ਦੇ ਮਹਾਨ ਰਾਹ ਤੋਂ ਹੀ ਨਾ ਭਟਕ ਜਾਵੇ। ਇਹ ਸੋਚਦਿਆਂ ਉਸਨੇ ਲਾਲ ਨੂੰ ਚਿੱਕੜ ਨਾਲ ਲਕੋ ਦਿੱਤਾ।

ਜਦੋਂ ਉਹ ਇਹ ਕਰ ਹੀ ਰਿਹਾ ਸੀ ਤਾਂ ਉਸ ਦੀ ਇਸਤਰੀ ਵੀ ਆ ਪਹੁੰਚੀ ਤੇ ਪੁੱਛਿਆ– "ਪਤੀ ਦੇਵ ਇਹ ਕੀ ਕਰ ਰਹੇ ਹੋ ?" ਪਤੀ ਨੇ ਟਾਲ-ਮਟੋਲ ਵਾਲਾ ਜੁਆਬ ਦਿੱਤਾ। ਪਤਨੀ ਨੇ ਲਾਲ ਤੇ ਵੇਖ ਹੀ ਲਿਆ ਸੀ, ਪਰ ਆਪਣੇ ਪਤੀ ਦੇ ਵਿਚਾਰਾਂ ਨੂੰ ਪੜ੍ਹ ਕੇ ਉਸ ਨੂੰ ਕਿਹਾ– "ਪਤੀ ਦੇਵ ਜੀ, ਜੇ ਤੁਸੀਂ ਅਜੇ ਵੀ ਲਾਲ ਅਤੇ ਮਿੱਟੀ ਵਿਚ ਫਰਕ ਸਮਝਦੇ ਹੋ ਤਾਂ ਤੁਸਾਂ ਸੰਸਾਰ ਦਾ ਤਿਆਗ ਹੀ ਕਿਉਂ ਕੀਤਾ ?"

*-ਦਾਦਾ ਜੇ.ਪੀ. ਵਾਸਵਾਨੀ*


Sri Satguru Jagjit Singh eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

**&**

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,

JAMMU CANTT.

Sri Satguru Jagjit Singh Ji eLibrary NamdhariElibrary@gmail.com

# ਨਿੰਦਕ ਹਮਰਾ ਮੀਤੁ

-ਜਸਵੰਤ ਸਿੰਘ ਵਿਰਦੀ

'ਜ਼ਿੰਦਗੀ ਭਰ ਤਾਂ ਨਿੰਦਕ ਹੀ ਸਾਡੇ ਨਾਲ ਰਹਿੰਦੇ ਨੇ। ਮਿੱਤਰ ਲੋਕ ਤਾਂ ਅਰਥੀ ਨੂੰ ਮੋਢਾ ਦੇਣ ਵੇਲੇ ਹੀ ਪੁੱਜਦੇ ਹਨ!' ਮੇਰਾ ਇਕ ਪਰਮ ਮਿੱਤਰ ਪ੍ਰੋ. ਛਾਬੜਾ ਕਿਹਾ ਕਰਦਾ ਸੀ। ਜਦੋਂ ਤੱਕ ਉਹ ਜੀਊਂਦਾ ਰਿਹਾ, ਮੈਂ ਉਹਦੀ ਇਸ ਗੱਲ ਨਾਲ ਸਹਿਮਤ ਨਹੀਂ ਹੋਇਆ। ਪਰ ਜਦੋਂ ਉਹ ਮਰ ਗਿਆ ਤਾਂ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਉਸ ਮਿੱਤਰ ਦੀ ਗੱਲ ਠੀਕ ਸੀ- ਕਿਉਂਕਿ ਜਦੋਂ ਉਹ ਕੋਈ ਨੇਕ ਕੰਮ (ਸਾਹਿਤਕਾਰਾਂ ਨੂੰ ਹੁਲਾਰਾ ਦੇਣ ਵਾਲਾ!) ਕਰਦਾ, ਤਾਂ ਬੇਸ਼ੁਮਾਰ ਲੋਕ ਉਸ ਦੇ ਵਿਰੁੱਧ ਖਲੋ ਜਾਂਦੇ, ਪਰ ਮਿੱਤਰ ਲੋਕ ਕਦੀ ਵੀ ਉਹਦਾ ਪੱਖ ਪੂਰਨ ਲਈ ਨਹੀਂ ਸਨ ਪੁੱਜਦੇ, ਜਦੋਂਕਿ ਅਰਥੀ ਉੱਠਣ ਵੇਲੇ ਸੱਭੋ ਹੀ ਮਿੱਤਰ ਮੌਜੂਦ ਸਨ। ਨਿੰਦਕ ਕੋਈ ਨਹੀਂ ਸੀ ਰਿਹਾ। ਕੋਈ ਨਿੰਦਕ ਨੇੜੇ ਨਹੀਂ ਸੀ ਆਇਆ।

ਨਿੰਦਕ ਦੀ ਇਹੋ ਹੀ ਸਿਫ਼ਤ ਹੈ ਕਿ ਉਹ ਦੂਰੋਂ ਹੀ, ਲੁਕਕੇ ਆਪਣੀ ਸਾਜ਼ਿਸ਼ੀ ਜ਼ਬਾਨ ਚਲਾਉਂਦਾ ਹੈ, ਜ਼ਹਿਰ ਉਗਲਦਾ ਹੈ, ਤੇ ਹਰ ਤਰ੍ਹਾਂ ਨਾਲ, ਚੰਗੇ ਕੰਮ 'ਚ ਵਿਘਨ ਬਣਨ ਦਾ ਜਤਨ ਕਰਦਾ ਹੈ।

ਅਸੀਂ ਜੀਵਨ ਵਿਚ ਕਿੰਨਾ ਵੀ ਚੰਗਾ ਕੰਮ ਕਰੀਏ ਸਾਜ਼ਿਸ਼ੀ ਲੋਕ ਉਹਦੇ 'ਚ ਮੀਨ-ਮੇਖ ਕਰਨ ਲੱਗ ਪੈਂਦੇ ਹਨ। ਜਿਸ ਨਾਲ ਸਾਡਾ ਉਤਸ਼ਾਹ ਘੱਟ ਜਾਂਦਾ ਹੈ। ਕਈ ਵਾਰ ਅਸੀਂ ਸੋਚਣ ਲੱਗ ਪੈਂਦੇ ਹਾਂ— 'ਸਾਡੇ ਕੰਮ ਦੀ ਕਿਸੇ ਨੇ ਕਦਰ ਤਾਂ ਕੀਤੀ ਨਹੀਂ, ਇਸ ਲਈ ਕੰਮ ਕਰਨ ਦਾ ਕੀ ਲਾਭ ਹੈ ?' ਅਤੇ ਅਸੀਂ ਕੰਮ ਕਰਨਾ ਹੀ ਛੱਡ ਦਿੰਦੇ ਹਾਂ। ਸਾਡੇ ਕੰਮ ਨਾ ਕਰਨ ਨਾਲ ਦੇਸ਼ ਨੂੰ ਤਾਂ ਭਾਵੇਂ ਨੁਕਸਾਨ ਹੀ ਹੋਵੇ, ਪਰ ਸਾਡੀ ਨਿੰਦਾ ਕਰਨ ਵਾਲਾ ਜੀਵ ਬਹੁਤ ਪ੍ਰਸੰਨ ਹੁੰਦਾ ਹੈ। ਨਿੰਦਾ ਕਰਨ ਵਾਲਾ ਇਹ ਜੀਵ ਇਕ ਅਜਿਹੀ ਵਚਿੱਤਰ ਚੀਜ਼ ਹੈ ਜੋ ਕਿ ਆਪ ਕੁਝ ਨਹੀਂ ਕਰਦਾ, ਅਤੇ ਉਹ ਸਾਡੀ ਨਿੰਦਾ ਕਰਕੇ ਸਾਨੂੰ ਵੀ ਕੰਮ ਕਰਨੋਂ ਰੋਕ ਦਿੰਦਾ ਹੈ! (ਕਈ ਹਾਲਤਾਂ 'ਚ)

ਸਰਕਾਰੀ ਕਾਲਿਜ ਕਪੂਰਥਲਾ 'ਚ ਮੇਰਾ ਸੀਨੀਅਰ ਕੁਲੀਗ ਪ੍ਰੋ. ਪਾਠਕ ਕਿਹਾ ਕਰਦਾ ਸੀ- 'ਤੁਸੀਂ ਕੰਮ ਕਰੋਗੇ ਤਾਂ ਦੋ ਨੁਕਸਾਨ ਹੋਣਗੇ— ਇਕ ਤਾਂ ਕੰਮ ਕਰੋਗੇ, ਦੂਜਾ ਕੰਮ ਨਾ ਕਰਨ ਵਾਲਿਆਂ ਦੀ ਨਿੰਦਾ ਦਾ ਪਾਤਰ ਬਣੋਗੇ!'

ਅੱਜ ਕਲ੍ਹ ਇਸ ਤਰ੍ਹਾਂ ਦੇ ਜੀਵ ਜੰਤੂਆਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ। ਇਕ ਹੋਰ ਵਚਿੱਤਰ ਗੱਲ ਇਹ ਹੈ ਕਿ ਅਜਿਹਾ ਜੀਵ ਸਾਨੂੰ ਹਰ ਥਾਂ ਨਜ਼ਰ ਆਉਂਦਾ ਹੈ।

ਇਕ ਯੂਨਾਨੀ ਮਿਥ ਕਥਾ ਅਨੁਸਾਰ— ਚੰਗਿਆਈ ਦੀ ਦੇਵੀ ਵਸਤਰ ਲਾਹ ਕੇ ਸਰੋਵਰ 'ਚ ਇਸ਼ਨਾਨ ਕਰਨ ਲਈ ਗਈ ਤਾਂ ਬੁਰਾਈ ਉਹਦੇ ਵਸਤਰ ਪਾ ਕੇ ਦੌੜ ਗਈ। ਜਿਸ ਨਾਲ ਬੁਰਾਈ ਹੀ ਚੰਗਿਆਈ ਬਣ ਬੈਠੀ ਹੈ। ਚੰਗਿਆਈ ਸਰੋਵਰ ਵਿਚ ਹੀ ਬੈਠੀ ਹੈ, ਜਿਸ ਕਰਕੇ ਉਹ ਲੋਕਾਂ ਨੂੰ ਦੱਸ ਨਹੀਂ ਸਕਦੀ ਕਿ ਚੰਗਿਆਈ ਉਹ ਹੈ, ਅਤੇ ਉਹਦੇ ਵਸਤਰ ਪਹਿਨਕੇ ਸੰਸਾਰ 'ਚ ਘੁੰਮ ਰਹੀ, ਦਰਅਸਲ ਬੁਰਾਈ ਹੈ— ਇਹ ਸੱਚ ਹੈ ਕਿ ਅੱਜ ਬੁਰਾਈ ਹਿੱਕ ਤਾਣਕੇ ਕਹਿੰਦੀ ਹੈ ਕਿ ਉਹੋ ਹੀ ਚੰਗਿਆਈ ਹੈ। ਉਹ ਚੰਗਿਆਈ ਬਣਕੇ ਮੈਡਲ, ਪੁਰਸਕਾਰ ਅਤੇ ਮਾਣ-ਸਨਮਾਨ ਲੈ ਰਹੀ ਹੈ। ਉਸ ਨੂੰ ਪਛਾਨਣ ਵਾਲੇ ਬਹੁਤ ਘੱਟ ਲੋਕ ਹਨ।

ਕਬੀਰ ਸਾਹਿਬ ਇਸ ਤਰ੍ਹਾਂ ਦੀ ਖਾਸੀਅਤ ਵਾਲੇ ਲੋਕਾਂ ਨੂੰ ਦੇਖ ਕੇ ਦੁਖੀ ਨਹੀਂ ਸਨ ਹੁੰਦੇ, ਪਰ ਉਨ੍ਹਾਂ ਦਾ ਸੱਚ ਬਹੁਤ ਤਲਖ ਸੀ।

ਕਬੀਰ ਸਾਹਿਬ ਦੇ ਜੀਵਨ ਦੀ ਇਕ ਸਾਖੀ ਹੈ ਕਿ ਇਕ ਵਾਰ ਕੋਈ ਚੋਰ ਲੋਕਾਂ ਤੋਂ ਬਚਦਾ ਹੋਇਆ ਉਨ੍ਹਾਂ ਦੇ ਘਰ ਸ਼ਰਨ ਲੈਣ ਵਾਸਤੇ ਆ ਗਿਆ। ਕਬੀਰ ਸਾਹਿਬ ਨੇ ਉਸ ਨੂੰ ਰੱਬ ਦਾ ਨੇਕ ਬੰਦਾ ਸਮਝ ਕੇ ਸ਼ਰਨ ਦੇ ਦਿੱਤੀ, ਅਤੇ ਆਪਣੀ ਬੇਟੀ ਕਮਾਲੀ ਦੇ ਨੇੜੇ ਉਸ ਨੂੰ ਸੁਆ ਦਿੱਤਾ। ਲੋਕਾਂ ਨੇ ਚੋਰ ਦਾ ਪਿੱਛਾ ਕੀਤਾ ਪਰ ਕਬੀਰ ਸਾਹਿਬ ਦੇ ਘਰੋਂ ਉਨ੍ਹਾਂ ਨੂੰ ਚੋਰ ਨਾ ਲੱਭਾ। ਸਵੇਰੇ ਚੋਰ ਜਾਣ ਲੱਗਾ ਤਾਂ ਕਬੀਰ ਸਾਹਿਬ ਨੇ ਕਿਹਾ- 'ਮੇਰੀ ਬੇਟੀ ਕਮਾਲੀ ਹੁਣ ਤੇਰੀ ਹੋ ਗਈ ਹੈ। ਇਹਨੂੰ ਵੀ ਨਾਲ ਹੀ ਲੈ ਜਾ!'

ਕਬੀਰ ਸਾਹਿਬ ਬਹੁਤ ਉੱਚੀ ਆਤਮਿਕ ਅਵਸਥਾ 'ਚ ਵਿਚਰ ਰਹੇ ਸਨ। ਚੋਰ ਨੇ ਕਬੀਰ ਸਾਹਿਬ ਦਾ ਹੁਕਮ ਮੰਨ ਲਿਆ, ਤੇ ਨੇਕ ਬਣ ਗਿਆ। ਚੋਰ ਨੇਕ ਬਣ ਗਿਆ, ਕਿਉਂਕਿ ਕਬੀਰ ਸਾਹਿਬ ਪਾਰਸ-ਛੋਹ ਦਾ ਪ੍ਰਭਾਵ ਰੱਖਦੇ ਸਨ, ਸੰਤ ਸਨ, ਚੰਗਿਆਈ-ਬੁਰਾਈ ਤੋਂ ਉੱਚੇ ਸੁੱਚੇ ਸਨ।

ਕਬੀਰ ਸਾਹਿਬ ਦੇ ਇਸ ਨਿਰਣੇ ਨਾਲ ਲੋਕ ਬਹੁਤ ਔਖੇ ਹੋਏ ਅਤੇ ਉਨ੍ਹਾਂ ਨੇ ਕਬੀਰ ਸਾਹਿਬ ਦੀ ਖੂਬ ਨਿੰਦਾ ਕੀਤੀ।



Sri Satguru Jagjit Singh Ji eLibrary NamdhariElibrary@gmail.com

ਕਬੀਰ ਸਾਹਿਬ ਨੇ ਉਨ੍ਹਾਂ ਨੂੰ ਕਿਹਾ- 'ਭਲੇ ਲੋਕ! ਜੋ ਕੁਝ ਮੈਂ ਕੀਤਾ, ਜੇਕਰ ਉਹ ਤੁਹਾਨੂੰ ਚੰਗਾ ਨਹੀਂ ਲੱਗਾ ਤਾਂ ਤੁਸੀਂ ਉਹ ਕੁਝ ਨਾ ਕਰੋ। ਪਰ ਮੈਨੂੰ ਤੁਸੀਂ ਕਿਵੇਂ ਰੋਕ ਸਕਦੇ ਹੋ ? ਮੈਂ ਤੁਹਾਡਾ ਤਾਂ ਕੋਈ ਨੁਕਸਾਨ ਨਹੀਂ ਕੀਤਾ।'

ਲੋਕ ਸ਼ਰਮਿੰਦੇ ਹੋ ਕੇ ਘਰਾਂ ਨੂੰ ਟੁਰ ਗਏ।

ਕਬੀਰ ਸਾਹਿਬ ਭਾਰਤੀ ਲੋਕਾਂ ਦੀਆਂ ਬੁਰਾਈਆਂ ਦੇ ਬੜੇ ਨਿਧੜਕ ਆਲੋਚਕ ਸਨ ਅਤੇ ਉਨ੍ਹਾਂ ਨੇ ਆਪਣੀ ਬਾਣੀ ਵਿਚ ਲੋਕਾਂ ਦੇ ਚੰਗੇਰੇ ਜੀਵਨ ਲਈ ਬਹੁਤ ਕੁਝ ਲਿਖਿਆ ਹੈ। ਇਸੇ ਕਰਕੇ ਹੀ ਲੋਕ ਕਬੀਰ ਸਾਹਿਬ ਦੀ ਗੱਲ ਸੁਣਦੇ ਤੇ ਮੰਨਦੇ ਸਨ। ਉਹ ਲੋਕਾਂ ਨੂੰ ਬੁਰਾਈਆਂ ਪ੍ਰਤੀ ਸੁਚੇਤ ਕਰਕੇ ਉਨ੍ਹਾਂ ਨੂੰ ਚੰਗੇਰਾ ਜੀਵਨ ਜੀਊਣ ਦੀ ਪ੍ਰੇਰਨਾ ਦੇਣ ਦਾ ਨੇਕ ਕੰਮ ਕਰਦੇ ਸਨ। ਲੋਕਾਂ ਲਈ ਅਜਿਹਾ ਕੰਮ ਕਰਨ ਵਾਲੇ ਨੂੰ ਹੀ ਲੋਕ ਆਪਣਾ ਸ਼ੁਭਚਿੰਤਕ ਸਮਝਦੇ ਹਨ।

ਕਬੀਰ ਸਾਹਿਬ ਦੀ ਮਹਾਨਤਾ ਇਹ ਹੈ ਕਿ ਉਨ੍ਹਾਂ ਨੇ ਆਪਣੇ ਨਿੰਦਕਾਂ ਦੀ ਵੀ ਪ੍ਰਸੰਸਾ ਹੀ ਕੀਤੀ ਹੈ। ਅਜਿਹੇ ਲੋਕਾਂ ਬਾਰੇ ਉਨ੍ਹਾਂ ਦਾ ਸ਼ਬਦ ਭਾਰਤੀ ਸਾਹਿਤ ਦਾ ਬਹੁਤ ਹੀ ਮਹਾਨ ਵਿਰਸਾ ਹੈ :

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥ ਰਹਾਉ ॥

ਵਾਰ-ਵਾਰ ਸੋਚਦੇ ਹਾਂ- 'ਇਸ ਪ੍ਰਸੰਸਾ ਦਾ ਕਾਰਨ ਕੀ ਹੈ ? ਜਵਾਬ ਮਿਲਦਾ ਹੈ :

ਨਿੰਦਾ ਹੋਇ ਤਾ ਬੈਕੁੰਠਿ ਜਾਈਐ ॥
ਨਾਮੁ ਪਦਾਰਥੁ ਮਨਹਿ ਬਸਾਈਐ ॥
ਰਿਦੈ ਸੁਧ ਜਉ ਨਿੰਦਾ ਹੋਇ ॥
ਹਮਰੇ ਕਪਰੇ ਨਿੰਦਕੁ ਧੋਇ ॥

'ਨਿੰਦਕ ਸਾਡੇ ਕੱਪੜਿਆਂ ਦੀ ਮੈਲ ਸਾਫ਼ ਕਰਦਾ ਹੈ!' ਇਹ ਸੋਚਣਾ ਕਿੰਨੀ ਚੰਗੀ ਗੱਲ ਹੈ, ਪਰ ਅਸੀਂ ਨਿੰਦਾ ਸੁਣਕੇ ਆਪਣਾ ਸੰਤੁਲਨ ਨਹੀਂ ਰੱਖ ਸਕਦੇ, ਅਤੇ ਨਿੰਦਕ ਦੀ ਝਾੜ ਝੰਬ ਸ਼ੁਰੂ ਕਰ ਦਿੰਦੇ ਹਾਂ। ਕਈ ਵਾਰ ਕਤਲੋ-ਗਾਰਤ ਤੱਕ ਵੀ ਨੌਬਤ ਪੁੱਜ ਜਾਂਦੀ ਹੈ। ਇਸ ਤਰ੍ਹਾਂ ਕਿਉਂ ਹੁੰਦਾ ਹੈ ?

ਨਿੰਦਕ ਨੂੰ ਜ਼ਰੂਰ ਹੀ ਸਾਡੇ ਕੁਝ ਔਗੁਣਾਂ ਬਾਰੇ ਪਤਾ ਲੱਗ ਜਾਂਦਾ ਹੈ। ਲੋਕਾਂ ਦੀ ਅੱਖ ਬਾਜ਼ ਵਰਗੀ ਹੁੰਦੀ ਹੈ। ਕਿਤੇ ਵੀ ਲੁਕਕੇ, ਸੱਤ ਪਰਦਿਆਂ ਪਿੱਛੇ ਜਾ ਕੇ ਕੋਈ ਕੰਮ ਕਰੋ, ਲੋਕਾਂ ਨੂੰ ਭਿਣਕ ਪੈ ਜਾਂਦੀ ਹੈ। ਤਦੇ ਹੀ ਕਹਾਵਤ ਬਣੀ ਹੈ ਕਿ ਕੰਧਾਂ ਦੇ ਵੀ ਕੰਨ ਹੁੰਦੇ ਹਨ। ਕੰਧਾਂ ਸਾਹਮਣੇ ਵੀ ਬੁਰੀ ਗੱਲ ਨਹੀਂ ਕਰਨੀ ਚਾਹੀਦੀ।

ਹਾਂ, ਹੋਰ ਵੀ ਅਨੇਕ ਕਾਰਨ ਹੋ ਸਕਦੇ ਨੇ, ਪਰ ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਹਰ ਕੋਈ ਚਾਹੁੰਦਾ ਹੈ— ਜੋ ਅਸੀਂ ਕਰ ਰਹੇ ਹਾਂ, ਉਸ ਦੀ ਪ੍ਰਸੰਸਾ ਹੋਵੇ, ਅਤੇ ਸਾਡੇ ਕੀਤੇ ਕੰਮ ਦਾ ਸਾਨੂੰ ਚੰਗੇਰਾ ਫਲ ਵੀ ਪ੍ਰਾਪਤ ਹੋਵੇ। ਪਰ ਅਕਸਰ ਹਾਲਤਾਂ 'ਚ ਇਸ ਤਰ੍ਹਾਂ ਹੋ ਸਕਣਾ ਬਹੁਤ ਔਖਾ ਹੈ। ਸਾਡੀ ਨਿਰਾਸ਼ਾ ਦਾ ਕਾਰਨ ਇਹੋ ਹੀ ਹੈ।

ਇਸ ਦੇਸ਼ ਵਿਚ ਉਹ ਲੋਕ ਵੀ ਹੋਏ ਨੇ ਜਿਨ੍ਹਾਂ ਨੇ ਸਿਵਾਏ ਤਬਾਹੀ ਦੇ ਹੋਰ ਕੁਝ ਨਹੀਂ ਕੀਤਾ, ਪਰ ਫੇਰ ਵੀ ਉਨ੍ਹਾਂ ਨੇ ਰਾਸ਼ਟਰ ਦੇ ਸਭ ਤੋਂ ਵੱਡੇ ਸਨਮਾਨ ਲਏ ਹਨ, ਜਦੋਂ ਕਿ ਬਹੁਤ ਕੁਝ ਉਸਾਰੂ ਕਰਨ ਵਾਲਿਆਂ ਨੂੰ ਕੁਝ ਨਹੀਂ ਮਿਲਿਆ।

ਮਹਿਮੂਦ ਗਜ਼ਨਵੀ ਦੀ ਹੀ ਮਿਸਾਲ ਲਵੋ। ਉਹਨੇ ਬੇਸ਼ੁਮਾਰ ਵਾਰ ਭਾਰਤ 'ਤੇ ਹਮਲੇ ਕਰਕੇ ਇਸ ਦੇਸ਼ ਨੂੰ ਲੁੱਟਿਆ। ਸੋਮਨਾਥ ਦਾ ਮੰਦਿਰ ਵੀ ਤਬਾਹ ਕਰ ਦਿੱਤਾ। ਪਰ ਲੋਕਾਂ ਨੂੰ ਉਹ ਅੱਜ ਵੀ ਚੇਤੇ ਹੈ। ਜਦੋਂ ਕਿ ਸੋਮਨਾਥ ਦੇ ਮੰਦਿਰ ਦੀ ਨਵ ਉਸਾਰੀ ਕਰਨ ਵਾਲੇ ਬਾਰੇ ਕੋਈ ਨਹੀਂ ਜਾਣਦਾ। ਸ਼ਾਇਦ, ਉਹ ਬਦਲੇ 'ਚ ਕੁਝ ਚਾਹੁੰਦਾ ਵੀ ਨਹੀਂ ਸੀ। ਉਸ ਨੂੰ ਅਵਸ਼ ਹੀ ਇਹ ਗਿਆਨ ਹੋਵੇਗਾ ਕਿ ਦੇਸ਼ ਦੇ ਲੋਕਾਂ ਦਾ ਵਤੀਰਾ ਢਾਹੂ ਹੈ। ਉਹ ਚੰਗਾ ਕੰਮ ਕਰਨ ਵਾਲੇ ਦੀ ਪ੍ਰਸੰਸਾ ਨਹੀਂ ਕਰਦੇ, ਸਗੋਂ ਨਿੰਦਾ ਹੀ ਕਰਦੇ ਹਨ। ਇਸੇ ਲਈ ਕਹਾਵਤ ਪ੍ਰਚਲਤ ਹੋਈ ਸੀ- 'ਨੇਕੀ ਕਰ ਤੇ ਖੂਹ 'ਚ ਸੁੱਟ।' ਮਤਲਬ ਹੈ ਕਿ ਨੇਕੀ ਕਰਕੇ ਭੁੱਲ ਜਾ। ਨਹੀਂ ਤਾਂ ਲੋਕਾਂ ਨੇ ਨਿੰਦਾ ਸ਼ੁਰੂ ਕਰ ਦੇਣੀ ਹੈ। ਉਰਦੂ ਦਾ ਇਕ ਸ਼ੇਅਰ ਹੈ ਕਿ ਆਪਣੇ ਜ਼ਖਮ ਕਿਸੇ ਨੂੰ ਨਾ ਦਿਖਾ! ਕਿਉਂਕਿ ਹਰ ਕੋਈ ਹੱਥ 'ਚ ਲੂਣ ਲਈ ਫਿਰਦਾ ਹੈ। ਕਿਹੀ ਤਲਖ ਹਕੀਕਤ ਹੈ।

ਸਾਨੂੰ ਚੇਤੇ ਹੈ ਕਿ ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਸੀ- 'ਤੇਰਾ ਕਰਤਬ ਸਾਤ੍ਵਿਕ ਕਰਮ ਕਰਨਾ ਹੀ ਹੈ। ਤੈਨੂੰ ਆਪਣੇ ਕਰਮ ਦੇ ਫਲ ਦੀ ਪ੍ਰਾਪਤੀ ਵਾਸਤੇ ਆਸ ਨਹੀਂ ਰੱਖਣੀ ਚਾਹੀਦੀ।

ਭਗਵਾਨ ਦਾ ਉਪਦੇਸ਼ ਹੈ ਕਿ ਸਾਧਨਾ ਹੀ ਸਿੱਧੀ ਹੋਣੀ ਚਾਹੀਦੀ ਹੈ। ਇਕ ਸਾਧਕ ਆਪਣੀ ਸਾਧਨਾ ਵਿਚ ਏਨਾ ਇਕ-ਸੁਰ ਹੋ ਜਾਵੇ ਕਿ ਕਿਸੇ ਹੋਰ ਸਿਧੀ ਦੀ ਉਹਨੂੰ ਲਾਲਸਾ ਹੀ ਨਾ ਰਹੇ। ਜਿਨ੍ਹਾਂ ਲੋਕਾਂ ਨੇ ਮਨੁੱਖਤਾ ਦੇ ਭਲੇ ਵਾਸਤੇ ਵੱਡੇ ਆਵਿਸ਼ਕਾਰ ਕੀਤੇ ਸਨ, ਉਨ੍ਹਾਂ ਸਭਨਾਂ ਨੂੰ ਤਾਂ ਨੋਬਲ ਪੁਰਸਕਾਰ ਨਹੀਂ ਮਿਲੇ। ਉਹ ਸਾਧਕ ਹੀ ਰਹੇ। ਉਨ੍ਹਾਂ ਨੇ ਨਿੰਦਕ ਦੀ ਵੀ ਪ੍ਰਵਾਹ ਨਹੀਂ ਕੀਤੀ। ਨੋਬਲ ਪੁਰਸਕਾਰ ਲੈਣ ਵਾਲੇ ਹੋਰ ਹੀ ਲੋਕ ਸਨ।

ਕਬੀਰ ਸਾਹਿਬ ਤਾਂ ਆਪਣੇ ਵੇਲੇ ਤੋਂ ਬਹੁਤ ਅੱਗੇ ਦੇਖਦੇ



Sri Satguru Jagjit Singh Ji eLibrary NamdhariElibrary@gmail.com

ਸਨ। ਇਸ ਲਈ ਉਨ੍ਹਾਂ ਨੇ ਨਿੰਦਕ ਨੂੰ ਬਿਲਕੁਲ ਬੁਰਾ ਨਹੀਂ ਕਿਹਾ।

ਕਿੰਨੀ ਮਹਾਨ ਅਤੇ ਵਿਲੱਖਣ ਗੱਲ ਹੈ ਕਿ ਚੰਗੇਰੇ ਕੰਮ ਦੀ ਇਸ ਸਾਧਨਾ ਵਿਚ ਨਿੰਦਕ ਸਾਡਾ ਵਿਰੋਧੀ ਨਹੀਂ, ਸਗੋਂ ਉਹ ਸਾਡਾ ਹਿਤਚਿੰਤਕ ਹੀ ਹੈ। ਕਿਉਂਕਿ ਉਹ ਸਾਡੀ ਨਿੰਦਾ ਕਰ-ਕਰਕੇ ਸਾਨੂੰ ਹਰ ਵੇਲੇ ਸੁਚੇਤ ਕਰਦਾ ਹੈ ਕਿ ਅਸੀਂ ਕੰਮ ਠੀਕ ਨਹੀਂ ਕਰ ਰਹੇ। ਉਹ ਸਾਡੀਆਂ ਕਮਜ਼ੋਰੀਆਂ ਵਲ ਸਾਡਾ ਧਿਆਨ ਦਿਵਾਉਂਦਾ ਹੈ। ਜਿਸ ਕਰਕੇ ਅਸੀਂ ਆਪਣੀਆਂ ਕਮਜ਼ੋਰੀਆਂ ਦੂਰ ਕਰਕੇ ਠੀਕ ਢੰਗ ਨਾਲ ਉਸਾਰੂ ਕੰਮ ਕਰ ਸਕਦੇ ਹਨ। ਤਦੇ ਹੀ ਕਬੀਰ ਸਾਹਿਬ ਨੇ ਕਿਹਾ ਹੈ :

ਨਿੰਦਾ ਕਰੈ ਸੁ ਹਮਰਾ ਮੀਤੁ ॥
ਨਿੰਦਕ ਮਾਹਿ ਹਮਾਰਾ ਚੀਤੁ ॥
ਨਿੰਦਕ ਸੋ ਜੋ ਨਿੰਦਾ ਹੋਰੈ ॥
ਹਮਰਾ ਜੀਵਨ ਨਿੰਦਕ ਲੋਰੈ ॥
ਨਿੰਦਾ ਹਮਰੀ ਪ੍ਰੇਮ ਪਿਆਰੁ ॥
ਨਿੰਦਾ ਹਮਰਾ ਕਰੈ ਉਧਾਰੁ ॥

ਨਿੰਦਕ ਸਾਡਾ ਮਿੱਤਰ ਹੈ ਅਤੇ ਉਹ ਸਾਡੇ ਜੀਵਨ ਦਾ ਕਲਿਆਣ ਕਰਦਾ ਹੈ। ਇਸ ਲਈ, ਕਬੀਰ ਸਾਹਿਬ ਮੁਤਾਬਕ, ਨਿੰਦਕ ਕੋਈ ਬੁਰਾ ਬੰਦਾ ਨਹੀਂ ਹੈ।

ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲੇ ਵੱਡੇ ਮਹਾਪੁਰਖ ਹੋਏ ਹਨ। ਬਹੁਤ ਮਾਨਤਾ ਸੀ ਪਰ ਜੀਵਨ ਦੇ ਆਰੰਭਕ ਦੌਰ ਵਿਚ ਉਹ ਸਾਈਕਲ ਪਿੱਛੇ ਹਾਰਮੋਨੀਅਮ ਬੰਨ੍ਹ ਕੇ ਪਿੰਡ 'ਚ ਗੁਰਬਾਣੀ ਦਾ ਗਾਇਨ ਕਰਨ ਲਈ ਜਾਇਆ ਕਰਦੇ ਸਨ। ਨਿੰਦਕ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੀ ਮਾਨਤਾ ਹੋਵੇ। ਉਹ ਸੰਤਾਂ ਵਿਰੁੱਧ ਇਸ਼ਤਿਹਾਰ ਛਪਵਾਕੇ ਇਕ ਬੰਦਾ ਉਨ੍ਹਾਂ ਦੇ ਪਿੱਛੇ ਭੇਜ ਦਿੰਦੇ ਸਨ। ਇਕ ਵਾਰ ਅਜਿਹੇ ਭਲੇ ਪੁਰਸ਼ ਨੂੰ ਸੰਤਾਂ ਨੇ ਪਛਾਣ ਕੇ ਪੁੱਛਿਆ- 'ਤੂੰ ਆਪਣੀ ਮਿਹਨਤ ਲੈ ਲਈ ਹੈ ?' ਉਹਨੇ 'ਹਾਂ' ਕੀਤੀ ਤਾਂ ਸੰਤਾਂ ਨੇ ਕਿਹਾ- 'ਫੇਰ ਇਹ ਇਸ਼ਤਿਹਾਰ ਸਾਨੂੰ ਦੇ ਦੇ! ਅਸੀਂ ਪਹਿਲਾਂ ਆਪਣੇ ਵਿਰੁੱਧ ਛਪੇ ਹੋਏ ਇਸ਼ਤਿਹਾਰ ਲਾਵਾਂਗੇ, ਫੇਰ ਸ਼ਬਦ ਗਾਇਨ ਕਰਾਂਗੇ!' ਅਤੇ ਉਹ ਇਸੇ ਤਰ੍ਹਾਂ ਹੀ ਕਰਦੇ ਸਨ। ਸੰਗਤ ਪੁੱਛਦੀ- 'ਸੰਤ ਮਹਾਰਾਜ ਜੀ, ਇਹ ਕੀ ਕਰ ਰਹੇ ਹੋ ?' ਤਾਂ ਉਹ ਮੁਸਕਰਾਕੇ ਕਬੀਰ ਸਾਹਿਬ ਦਾ ਨਿੰਦਾ ਬਾਰੇ ਸ਼ਬਦ ਸੁਣਾਉਂਦੇ ਸਨ :

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥

ਅੰਗ੍ਰੇਜ਼ੀ ਵਾਲਿਆਂ ਦੀ ਇਕ ਕਹਾਵਤ ਹੈ- 'ਨੋ ਬੋਡੀ ਬੀਟਸ ਡੈਡ ਡੋਗ!'

ਜਿਹੜਾ ਲੋਕ ਹਿਤਕਾਰੀ ਕੰਮ ਕਰਦਾ ਹੈ, ਲੋਕਾਂ ਦੇ ਕੰਮ ਆਉਂਦਾ ਹੈ, ਆਪਣਾ ਵਕਤ ਜ਼ਾਇਆ ਕਰਕੇ ਲੋਕਾਂ ਦੇ ਕੰਮ ਸੁਆਰਦਾ ਹੈ, ਪਰ ਬਦਲੇ 'ਚ ਕੁਝ ਨਹੀਂ ਮੰਗਦਾ। ਅਜਿਹਾ ਵਿਅਕਤੀ ਜੀਵਨ ਵਿਚ ਬੁਲੰਦੀ ਵੱਲ ਵਧ ਰਿਹਾ ਹੁੰਦਾ ਹੈ। ਉਹਦਾ ਬੁਲੰਦ ਕੱਦ ਬੁੱਤ, ਬੌਨੇ ਲੋਕਾਂ ਨੂੰ ਚੰਗਾ ਨਹੀਂ ਲੱਗਦਾ, ਇਸ ਲਈ ਸਾਜ਼ਿਸ਼ੀ ਲੋਕ ਨਿੰਦਾ ਕਰਕੇ ਉਹਨੂੰ ਆਪਣੇ ਬਰਾਬਰ ਕਰਨਾ ਚਾਹੁੰਦੇ ਹਨ। ਪਰ ਇਸ ਤਰ੍ਹਾਂ ਹੁੰਦਾ ਨਹੀਂ। ਕੁਦਰਤ ਵੀ ਨੇਕ ਤੇ ਲੋਕ ਹਿੱਤਕਾਰੀ ਦੀ ਸਹਾਇਤਾ ਕਰਦੀ ਹੈ।

ਜੇਕਰ ਅਸੀਂ ਇਹ ਗੱਲ ਸੋਚਣ ਲੱਗ ਪਈਏ ਤਾਂ ਸਾਡੇ ਦੈਨਿਕ ਜੀਵਨ ਵਿਚੋਂ ਬਹੁਤ ਸਾਰੇ ਵੈਰ ਵਿਰੋਧ ਮਿਟ ਸਕਦੇ ਹਨ, ਅਸੀਂ ਆਪਣੇ ਵਿਰੋਧੀਆਂ ਦੀਆਂ ਗੱਲਾਂ ਨੂੰ ਸਹਿਣ ਕਰਨ ਯੋਗ ਬਣ ਸਕਦੇ ਹਾਂ, ਜਿਸ ਨਾਲ ਲੋਕਾਂ ਦਾ ਜੀਵਨ ਸੁਖਾਲਾ ਬਣ ਸਕਦਾ ਹੈ। ਸਾਡੇ ਬਹੁਤ ਸਾਰੇ ਝਗੜਿਆਂ ਫਸਾਦਾਂ ਦਾ ਕਾਰਨ ਇਹੋ ਹੀ ਹੈ ਕਿ ਅਸੀਂ ਕਿਸੇ ਵੀ ਬੰਦੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਹਾਂ, ਭਾਵੇਂ ਉਹ ਗੱਲ ਸਾਡੇ ਹਿੱਤ ਦੀ ਹੀ ਹੋਵੇ।

ਨਿੰਦਕ ਇਕ ਦੁਸ਼ਮਣ ਦੇ ਰੂਪ ਵਿਚ ਸਾਡੀ ਮਾਨਸਿਕਤਾ ਵਿਚ ਵਸ ਗਿਆ ਹੈ। ਉਹਦੇ ਨਾਂ ਨਾਲ ਹੀ ਸਾਨੂੰ ਰੋਹ ਚੜ੍ਹਦਾ ਹੈ। ਬਹੁਤ ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਜਿਵੇਂ ਅਸੀਂ ਆਪਣੇ ਦੇਸ਼ ਦੇ ਲੋਕਾਂ ਦਾ ਲਹੂ ਡੋਲਦੇ ਹਾਂ, ਇਸ ਤਰ੍ਹਾਂ ਸ਼ਾਇਦ ਹੀ ਹੋਰ ਕਿਸੇ ਦੇਸ਼ ਵਿਚ ਹੁੰਦਾ ਹੋਵੇ।

ਨਿੰਦਕ ਦੀ ਪ੍ਰਸੰਸਾ ਵਿਚ ਲਿਖਿਆ ਹੋਇਆ ਇਹ ਸ਼ਬਦ ਪੜ੍ਹਕੇ ਵੀ ਕਈ ਲੋਕ ਹੈਰਾਨੀ ਨਾਲ ਕਹਿ ਦਿੰਦੇ ਨੇ- 'ਕਬੀਰ ਸਾਹਿਬ ਨੂੰ ਇਹ ਕੀ ਸੁੱਝੀ ਜੋ ਉਨ੍ਹਾਂ ਨੇ ਨਿੰਦਾ ਕਰਨ ਵਾਲਿਆਂ ਦੀ ਏਨੀ ਤਾਰੀਫ ਕਰ ਦਿੱਤੀ।'

ਮੈਂ ਉਨ੍ਹਾਂ ਨੂੰ ਹੱਸ ਕੇ ਕਹਿੰਦਾ ਹਾਂ- 'ਪਰ ਕਬੀਰ ਸਾਹਿਬ ਨੇ ਨਿੰਦਾ ਕਰਨ ਵਾਲਿਆਂ ਦੀ ਏਨੀ ਤਾਰੀਫ ਕਰਨ ਦੇ ਬਾਵਜੂਦ ਵੀ ਇਹ ਨਹੀਂ ਕਿਹਾ ਕਿ ਨਿੰਦਾ ਨੂੰ ਜੀਵਨ ਦਾ ਉਦੇਸ਼ ਬਣਾਨ ਵਾਲੇ ਲੋਕ, ਸੰਸਾਰ ਸਾਗਰ ਨੂੰ ਸਫਲਤਾ ਨਾਲ ਪਾਰ ਕਰ ਜਾਣਗੇ।

ਇਸ ਸੰਬੰਧ ਵਿਚ ਕਬੀਰ ਸਾਹਿਬ ਦੇ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਬਹੁਤ ਹੀ ਸਾਰ ਭਰਪੂਰ ਹਨ :

ਜਨ ਕਬੀਰ ਕਉ ਨਿੰਦਾ ਸਾਰੁ ॥
ਨਿੰਦਕੁ ਡੂਬਾ ਹਮ ਉਤਰੇ ਪਾਰਿ ॥

✡



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

## High Class Gun Manufacturers

## Single & Double Barrels



# 12-Bore GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
JAMMU CANTT-3
Ph. : 433810

*Sister Concern :*

M/S. KARTAR SINGH
ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਅੰਦੋਲਨ ਦੀ ਇਤਿਹਾਸਕ ਤੇ ਰਾਜਨੀਤਕ ਮਹਾਨਤਾ

—ਡਾ. ਅਜੀਤ ਸਿੰਘ

ਇਤਿਹਾਸ ਦਾ ਇਕ ਆਮ ਦੁਖਾਂਤ ਹੈ ਕਿ ਇੱਕ ਨੇ ਕੋਈ ਹਵਾਲਾ ਦਿੱਤਾ, ਦੂਜੇ ਨੇ ਇਹਦੀ ਟੂਕ ਦੇ ਅੱਗੇ ਤੋਰ ਦਿੱਤਾ ਤੇ ਤੀਜੇ ਨੇ ਦੂਜੇ ਦੀ ਨਕਲ ਮਾਰ ਆਪਣਾ ਪਿੱਛਾ ਛੁਡਾ ਲਿਆ। ਮੈਂ ਇਸ ਤੱਥ ਦੇ ਹੱਕ ਵਿਚ ਦੋ ਉਦਾਹਰਣਾਂ ਦੇਣੀਆਂ ਚਾਹਾਂਗਾ। ਕੁਝ ਦਹਾਕੇ ਪਹਿਲਾਂ ਇਤਿਹਾਸ ਦੀਆਂ ਪੁਸਤਕਾਂ ਵਿਚ ਲਿਖਿਆ ਜਾਂਦਾ ਸੀ-ਲਾਲਾ ਲਾਜਪਤ ਰਾਇ ਦਾ ਜਨਮ ਜਗਰਾਉਂ ਵਿਚ ਹੋਇਆ। ਇਸ ਉਤੇ ਖੋਜ ਹੋਈ, ਇਤਿਹਾਸ ਦੇ ਵਰਕੇ ਫੋਲੇ ਗਏ, ਪਤਾ ਲੱਗਾ ਕਿ ਲਾਲਾ ਜੀ ਦਾ ਜਨਮ ਉਹਨਾਂ ਦੇ ਨਾਨਕੇ-ਪਿੰਡ ਢੁੱਡੀਕੇ ਵਿਚ ਹੋਇਆ ਜਿਥੇ ਉਹਨਾਂ ਦੀ ਯਾਦ ਵਿਚ ਸ਼ਾਨਦਾਰ ਇਮਾਰਤ ਖੜ੍ਹੀ ਕੀਤੀ ਹੋਈ ਹੈ। ਏਸੇ ਤਰ੍ਹਾਂ ਕਿਹਾ ਜਾਂਦਾ ਹੈ ਕਿ ੧੮੫੭ ਦਾ ਵਿਦਰੋਹ ਆਜ਼ਾਦੀ ਦੀ ਪਹਿਲੀ ਲੜਾਈ ਸੀ। ਜਦੋਂ ਕਿ ਇਹ ਇੱਕ ਫੌਜੀ-ਫਿਊਡਲ ਵਿਦਰੋਹ ਸੀ। ਪ੍ਰੋ. ਕਿਸ਼ਨ ਸਿੰਘ ਦੇ ਸ਼ਬਦਾਂ ਵਿਚ ਜੇ ਮੁਲਖਈਆ ਕਿਸੇ ਵਿਦਰੋਹ ਵਿਚ ਸ਼ਾਮਿਲ ਨਹੀਂ ਹੁੰਦਾ ਤਾਂ ਉਹ ਇਨਕਲਾਬ ਜਾਂ ਅੰਦੋਲਨ ਨਹੀਂ ਕਹਾ ਸਕਦਾ। ਏਸੇ ਲਈ ਮੈਂ 'ਵਰਿਆਮ' ਦੇ ਅਪ੍ਰੈਲ ਅੰਕ ਵਿਚ ਨਾਮਧਾਰੀ ਲਹਿਰ ਨੂੰ ਬਾਗੀ ਨਹੀਂ ਸਗੋਂ ਇਨਕਲਾਬੀ ਸੰਕਲਪ ਨਾਲ ਜੋੜਿਆ ਸੀ।

ਇਤਿਹਾਸਕ ਪੱਖੋਂ ਇਕ ਪ੍ਰਸ਼ਨ ਦਾ ਉੱਤਰ ਦੇਣਾ ਬੜਾ ਜ਼ਰੂਰੀ ਹੈ-ਸਤਿਗੁਰੂ ਰਾਮ ਸਿੰਘ ਜੀ ਨੂੰ ਅਜਿਹਾ ਇਨਕਲਾਬੀ ਸੰਕਲਪ ਧਾਰਨ ਦੀ ਕੀ ਲੋੜ ਸੀ ? ਇਸ ਦਾ ਉੱਤਰ ਉਸ ਸਮੇਂ ਦੇ ਸਿੱਖੀ ਜਗਤ ਦੇ ਬਹੁ-ਪੱਖੀ ਪਤਨ ਤੋਂ ਲੱਭਿਆ ਜਾ ਸਕਦਾ ਹੈ। ਇੱਕ ਪਾਸੇ ਸੋਢੀਆਂ ਬੇਦੀਆਂ ਵਿਚੋਂ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਲੋਕਾਂ ਦਾ ਆਪਣੇ ਸੁਆਰਥ ਲਈ ਲੁੱਟ-ਖਸੁੱਟ ਕਰਨਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੈਦਾ ਕੀਤੇ ਕਿਰਦਾਰ ਨੂੰ ਤਿਆਗਣਾ ਸੀ। ਉਸ ਸਮੇਂ ਦੇ ਸਿੱਖੀ ਕਿਰਦਾਰ ਵਿੱਚ ਆਏ ਨਿਘਾਰ ਨੂੰ ਡਾ. ਫੌਜਾ ਸਿੰਘ ਬਾਜਵਾ ਇੰਝ ਪੇਸ਼ ਕਰਦਾ ਹੈ- "All those grave and shocking evils, from which the Gurus had struggled so hard to save the people had reappeared in the absence of the true religious and moral values .......... But if the condition of women was horrible, no better was the lot of lower classes who were denounced and detested as untouchables.......... If the lower classes were detested, the upper ones were detestable.l (Kuka Movement Page i2)

ਅਰਥਾਤ ਜੇ ਨੀਵੀਆਂ ਸ਼੍ਰੇਣੀਆਂ ਨਾਲ ਘ੍ਰਿਣਾ ਕੀਤੀ ਜਾਂਦੀ ਸੀ, ਤਾਂ ਉਪਰਲੀਆਂ ਸ਼੍ਰੇਣੀਆਂ ਘਿਰਣਾ ਕਰਨ-ਯੋਗ ਸਨ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਅੱਡ ਅੱਡ ਜਾਤਾਂ ਨੂੰ ਜਮਾਤ ਦਾ ਰੂਪ ਦੇ ਕੇ ਉਹਨਾਂ ਨੂੰ ਖ਼ਾਲਸਾ ਬਨਾਉਣ ਦੇ ਰਾਹ ਨੂੰ ਸਿੱਖ ਭੁੱਲ ਗਏ ਸਨ। ਏਸੇ ਪਿਛੋਕੜ ਵਿਚ ਗੁਰੂ ਰਾਮ ਸਿੰਘ ਨੇ ਕ੍ਰਾਂਤੀਕਾਰੀ ਸੰਕਲਪ ਨੂੰ ਮੁਖ ਰੱਖਕੇ ਅਜਿਹਾ ਹੀ ਕਿਰਦਾਰ ਪੈਦਾ ਕਰਨ ਦੇ ਜਤਨ ਕੀਤੇ ਜਿਸ ਤਰ੍ਹਾਂ ਦਸਵੇਂ ਪਾਤਸ਼ਾਹ ਨੇ ਕੀਤੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਅੱਗੇ ਗੁਰੂ ਗੋਬਿੰਦ ਸਿੰਘ ਜੀ ਦੀ ਉਦਾਹਰਣ ਪ੍ਰੇਰਨਾ ਦਾ ਸ੍ਰੋਤ ਬਣੀ। ਜਿਸ ਤਰ੍ਹਾਂ ਗੁਰੂ ਜੀ ਨੇ ਇੱਕ ਵੱਖਰਾ ਯੋਧਾ-ਮਨੁੱਖ ਪੈਦਾ ਕੀਤਾ ਸੀ, ਜਿਸ ਤਰ੍ਹਾਂ ਗੁਰੂ ਜੀ ਨੇ ਇਕ ਵੱਖਰੇ ਸਮਾਜ ਦੀ ਸਿਰਜਣਾ ਕੀਤੀ ਸੀ, ਜਿਸ ਤਰ੍ਹਾਂ ਗੁਰੂ ਜੀ ਨੇ ਜ਼ੁਲਮ ਤੇ ਜ਼ਾਲਮ ਵਿਰੁੱਧ ਸੰਘਰਸ਼ ਕਰਨ ਲਈ ਖਾਲਸਾ ਸਾਜਿਆ ਸੀ, ਉਸੇ ਤਰ੍ਹਾਂ ਗੁਰੂ ਰਾਮ ਸਿੰਘ ਨੇ ਗੁਰੂ ਜੀ ਦੇ ਪਦ ਚਿੰਨਾਂ ਉੱਤੇ ਚੱਲ ਇਕ ਨਾਮਧਾਰੀ ਕਿਰਦਾਰ ਪੈਦਾ ਕੀਤਾ ਜਿਹੜਾ ਖਾਲਸੇ ਦੇ ਕਿਰਦਾਰ ਵਾਂਗ ਸਿਰ ਤਲੀ ਤੇ ਧਰਕੇ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਰਹਿੰਦਾ ਸੀ। ਜਿਵੇਂ ੧੬੯੯ ਸਨ ਤੇ ਖ਼ਾਲਸੇ ਦਾ ਜਨਮ ਹੋਇਆ ਸੀ, ਉਸੇ ਤਰ੍ਹਾਂ ੧੮੫੭ ਨੂੰ ਵਿਸਾਖੀ ਵਾਲੇ ਦਿਨ ਜਿੱਥੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਗਿਆ, ਪੰਜ ਕਕਾਰਾਂ ਦਾ ਅਨੁਸ਼ਾਸਨ ਰੱਖਣ ਲਈ ਕਿਹਾ ਗਿਆ, ਕਿਰਪਾਨ ਦੀ ਥਾਂ ਮੋਟਾ ਸੋਟਾ ਦਿੱਤਾ ਗਿਆ, ਉਸੇ ਤਰ੍ਹਾਂ ਸਿਰ ਤੇ ਪੈਰਾਂ ਤੀਕ ਸਫ਼ੈਦ ਜਾਮੇ ਵਾਲਾ ਕਿਰਦਾਰ ਵੀ ਹੋਂਦ ਵਿਚ ਆਇਆ ਜਿਹੜਾ ਪੈਦਾ ਹੀ ਅਤਿਆਚਾਰ ਨੂੰ ਖ਼ਤਮ ਕਰਨ ਲਈ ਕੀਤਾ ਗਿਆ ਸੀ। ਜਿਸ ਤਰ੍ਹਾਂ ਦਸਵੇਂ ਪਾਤਸ਼ਾਹ ਨੇ ਖਾਲਸੇ ਨੂੰ ਮੁਗਲਾਂ ਦੇ ਅਤਿਆਚਾਰ ਵਿਰੁੱਧ ਲੜਣ ਲਈ ਸਾਜਿਆ ਸੀ, ਏਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਨੇ ਅੰਗਰੇਜ਼ੀ ਰਾਜ ਨਾਲ ਲੋਹਾ ਲੈਣ ਲਈ, ਗੁਲਾਮੀ ਦੀ ਥਾਂ ਆਜ਼ਾਦੀ ਨੂੰ ਵਰਣ ਲਈ 'ਸੰਤ



Sri Satguru Jagjit Singh Ji eLibrary NamdhariElibrary@gmail.com

ਖ਼ਾਲਸੇ' ਨੂੰ ਸਿਰਜਿਆ। ਲੈਫਟੀਨੈਂਟ ਕਰਨਲ ਜੀ. ਹਚਿਨਸਨ। ਲਾਹੌਰ ਤੋਂ ਆਪਣੇ ਇਕ ਗੁਪਤ ਖ਼ਤ ਨੰਬਰ ੧.੧੧, ੧੫ ਮਾਰਚ, ੧੮੭੨ ਵਿਚ ਉਸ ਵੇਲੇ ਦੀ ਅੰਗਰੇਜ਼ੀ ਸਰਕਾਰ ਦੇ ਸਕੱਤਰ ਈ.ਸੀ.ਬ਼ੇਲੇ ਦੇ ਨਾਂ ਇੰਜ ਲਿਖਦਾ ਹੈ— There is now no doubt that the object of the sect is to overthrow the British Government and the re-establishment of the Khalsa Raj (Rebels Against the Britist Rule—Bhai Nahar Singh, Bhai Kirpal Singh P. 372)

ਇਸ ਤਰ੍ਹਾਂ ਕੂਕਾ ਅੰਦੋਲਨ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਹੋਏ ਆਦਰਸ਼ ਨੂੰ ਆਪਣੀ ਟੇਕ ਬਣਾਉਂਦਾ ਹੈ। ਜ਼ਫ਼ਰਨਾਮੇ ਵਿਚ ਲਿਖੇ ਦਸਵੇਂ ਪਾਤਸ਼ਾਹ ਦੇ ਇਹਨਾਂ ਵਿਚਾਰਾਂ ਨੂੰ ਹਰ ਕੋਈ ਜਾਣਦਾ ਹੈ-ਜਦੋਂ ਕੋਈ ਹੀਲਾ ਹੋਰ ਨਾ ਬਣੇ ਤਾਂ ਲੋੜ ਪੈਣ 'ਤੇ ਤਲਵਾਰ ਚੁਕਣਾ ਜਾਇਜ਼ ਹੈ। ਉਪਰ ਦਿੱਤੀ ਅੰਗਰੇਜ਼ ਅਫ਼ਸਰ ਦੀ ਟੂਕ ਦੇ ਭਾਵ ਨੂੰ ਡਾਕਟਰ ਫੌਜਾ ਸਿੰਘ ਦੇ ਇਹ ਸ਼ਬਦ ਅਸਲੋਂ ਹੀ ਸਪਸ਼ਟ ਕਰਦੇ ਹਨ। "It will be seen, then, that the Kuka Movement started with a political aim. To say that it intended to achieve merely social and religious amelioration would be to do injustice to the memories of those who led it or who laid down their precious lives in the service of the country. (Kuka Movement Page-41.)

**ਇਸ ਪਿਛੋਕੜ ਵਿਚ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਭਾਰਤ ਦੀ ਆਜ਼ਾਦੀ ਲਈ ਪਹਿਲਾ ਇਨਕਲਾਬੀ ਸੰਘਰਸ਼ ਕੂਕਿਆਂ ਨੇ ਕੀਤਾ।**

ਕੁਝ ਇਕ ਅਪਵਾਦਾਂ ਨੂੰ ਛੱਡ ਕੇ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਸੰਸਾਰ ਦੇ ਬਹੁਤੇ ਮਹਾਂ-ਪੁਰਸ਼, ਪੀਰ-ਪੈਗੰਬਰ ਜਾਂ ਧੁਰੰਤਰ ਵਿਦਵਾਨ ਤੇ ਦਾਰਸ਼ਨਿਕ ਸਾਧਾਰਣ ਪਰਿਵਾਰਾਂ ਵਿਚ ਪੈਦਾ ਹੋਏ। ਜੇ ਉਹ ਸਾਧਾਰਣ ਹੁੰਦੇ ਹੋਏ ਅਸਾਧਾਰਣ ਸਨ ਤਾਂ ਇਸ ਦਾ ਇੱਕ ਕਾਰਨ ਉਹਨਾਂ ਦੀ ਅੰਦਰਲੀ-ਬਾਹਰਲੀ ਮਹਾਨ ਸ਼ਖਸੀਅਤ ਸੀ। ਦੂਜੇ ਹੱਕ ਸੱਚ ਤੇ ਨਿਆਂ ਲਈ ਉਹ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਸਨ। ਤੀਜੇ, ਉਹ ਸੰਸਾਰ ਨੂੰ ਤਿਆਗ ਸੰਨਿਆਸੀ ਜਾਂ ਬੈਰਾਗੀ ਨਹੀਂ ਬਣੇ। ਉਹਨਾਂ ਵਿਚ ਸੰਸਾਰ ਵਿਚ ਰਹਿੰਦਿਆਂ, ਖਾਂਦਿਆ-ਪੀਂਦਿਆਂ ਸੰਸਾਰਕ ਜਾਲ ਤੋਂ ਉੱਪਰ ਉੱਠਣ ਦੀ ਸ਼ਕਤੀ ਸੀ। ਗੁਰੂ ਰਾਮ ਸਿੰਘ ਵੀ ਕਿਸੇ ਜਾਗੀਰਦਾਰ ਜਾਂ ਸਰਮਾਏਦਾਰ ਦੇ ਘਰ ਨਹੀਂ ਪੈਦਾ ਹੋਏ। ਗੁਰੂ ਨਾਨਕ ਤੇ ਬਾਕੀ ਗੁਰੂ ਸਾਹਿਬਾਨ ਵੀ ਸਾਧਾਰਨ ਘਰਾਂ ਵਿਚ ਪੈਦਾ ਹੋਏ। ਗੁਰੂ ਅਰਜਨ ਦੇਵ ਜੀ ਵਾਂਗ ਗੁਰੂ ਰਾਮ ਸਿੰਘ ਸ਼ਾਹੀ ਠਾਠ ਨਾਲ ਆਉਂਦੇ ਜਾਂਦੇ ਸਨ। ਮਿਸਟਰ ਮਕਨਾਬ ਗੁਰੂ ਰਾਮ ਸਿੰਘ ਬਾਰੇ ਲਿਖਦਾ ਹੈ — Ram Singh has no pretentions to be Saintly fakeer. He visits you attended by half a dozen horsemen. He is followed by scores of men on foot; he comes into your room, surrounded by a court like a Prince. He and his people are dressed in exquisitely fine Clothes" (Home Judicial June 1872-Kuka Movement P — 85)

ਤਾਂ ਫਿਰ ਸੁਆਲ ਉਠਦਾ ਹੈ, ਇਹ ਸਾਧਾਰਣ ਜੀਵ ਅਸਾਧਾਰਣ ਤੇ ਅਮਰ ਬਣਕੇ ਇਤਿਹਾਸ ਦਾ ਸਦੀਵੀ ਅੰਗ ਕਿਵੇਂ ਬਣਦੇ ਹਨ? ਇਕੋ ਇਕ ਸਪਸ਼ਟ ਉੱਤਰ ਇਹ ਹੈ ਕਿ ਇਹੋ ਜਿਹੇ ਮਹਾਨ ਵਿਅਕਤੀ ਜਿਥੇ ਧਾਰਮਿਕ, ਆਤਮਕ ਅਤੇ ਅਧਿਆਤਮਕ ਪੱਖ ਤੋਂ ਸੱਚੇ-ਸੁੱਚੇ ਹੁੰਦੇ ਹਨ, ਉਥੇ ਸੰਸਾਰ ਦੇ ਇਤਿਹਾਸ ਵਿਚ ਇਕ ਨਵਾਂ ਤੇ ਵੱਖਰਾ ਇਤਿਹਾਸ ਜੋੜਦੇ ਹਨ, ਇਕ ਨਵੇਂ ਸਿਸਟਮ ਤੇ ਨਵੇਂ ਸਮਾਜ ਨੂੰ ਪੈਦਾ ਕਰਦੇ ਹਨ। ਕਿਉਂਕਿ ਇਹਨਾਂ ਹੱਕ, ਸੱਚ ਤੇ ਨਿਆਂ ਵਰਗੇ ਰੱਬੀ ਗੁਣ ਤਿਆਗਣੇ ਨਹੀਂ ਹੁੰਦੇ, ਇਸ ਲਈ ਇਹਨਾਂ ਦਾ ਵੇਲੇ ਦੇ ਰਾਜ-ਪ੍ਰਬੰਧ ਤੇ ਹਾਕਮ ਜਮਾਤ ਨਾਲ ਟਕਰਾਉਣਾ ਲਾਜ਼ਮੀ ਹੋ ਜਾਂਦਾ ਹੈ। ਏਸੇ ਲਈ ਇਹ ਰੱਬੀ ਸ਼ਖਸੀਅਤਾਂ ਜਾਂ ਤਾਂ ਸ਼ਹੀਦੀ ਦਾ ਜਾਮ ਪੀ ਜਾਂਦੀਆਂ ਹਨ ਜਾਂ ਉਮਰ ਭਰ ਕਾਲੇ ਪਾਣੀ ਦੀ ਸਜ਼ਾ ਭੁਗਤਦੀਆਂ ਹਨ, ਨਵੇਂ ਇਤਿਹਾਸ ਨੂੰ ਜਨਮ ਦੇਣ ਲਈ ਸੰਘਰਸ਼ ਕਰਨ ਦੀ ਸ਼ਕਤੀ ਦੇਸ਼ ਦੇ ਦੇਸੀ ਹਾਕਮਾਂ ਨਾਲ ਟਕਰਾਉਣੋਂ ਵੀ ਪਿਛੇ ਨਹੀਂ ਹੱਟਦੀ। ਗੱਲ ਆਖ਼ਰ ਜਮਾਤੀ ਕਿਰਦਾਰ ਦੀ ਆ ਜਾਂਦੀ ਹੈ, ਮਹਾਰਾਜਾ ਪਟਿਆਲਾ ਜਾਂ ਮਹਾਰਾਜਾ ਨਾਭਾ ਦਾ ਕੂਕਿਆਂ ਨੇ ਕੀ ਵਿਗਾੜਿਆ ਸੀ? ਜਾਂ ਪੰਜਾਬ ਦੀਆਂ ਦੂਜੀਆਂ ਰਿਆਸਤਾਂ ਦੇ ਰਾਜਿਆਂ ਨੂੰ ਕੂਕਿਆਂ ਤੋਂ ਕਿਉਂ ਡਰ ਲਗਦਾ ਸੀ? ਵੱਡੇ-ਵੱਡੇ ਸਰਦਾਰ ਤੇ ਜਾਗੀਰਦਾਰ, ਸਰਕਾਰੀ ਅਫ਼ਸਰ, ਤਹਿਸੀਲਦਾਰ ਜਾਂ ਨੰਬਰਦਾਰ, ਸੋਢੀ, ਬੇਦੀ ਜਾਂ ਗੁਰਦੁਆਰਿਆਂ ਦੇ ਮਹੰਤ ਕੂਕਿਆਂ ਦਾ ਵਿਰੋਧ ਕਿਉਂ ਕਰਦੇ ਸਨ? ਉਹਨਾਂ ਦਾ ਸੁਆਰਥ ਹਾਕਮ ਜਮਾਤ ਨਾਲ ਜੁੜਕੇ ਹੀ ਪੂਰਾ ਹੋ ਸਕਦਾ ਸੀ। ਵਿਦੇਸ਼ੀ ਸਰਕਾਰ ਵੀ ਉਹਨਾਂ ਨੂੰ ਖ਼ੁਸ਼ ਰੱਖਣ ਦਾ ਜਤਨ ਕਰਦੀ ਸੀ। ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਇਹਨਾਂ ਲੋਕਾਂ ਨੇ ਕੌਵਨ ਅਤੇ ਫੋਰਿਸਥ


Sri Satguru Jagjit Singh Ji eLibrary NamdhariElibrary@gmail.com

ਦੇ ਕੂਕੇ ਕੈਦੀਆਂ ਨੂੰ ਮਲੇਰਕੋਟਲੇ ਵਿਖੇ ਤੋਪਾਂ ਨਾਲ ਉਡਾਏ ਜਾਣ ਦੀ ਹਿਮਾਇਤ ਕੀਤੀ ਸੀ। ਏਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸੂਬਿਆਂ ਨੂੰ ਜਦੋਂ ਜਲਾਵਤਨ ਕੀਤਾ ਤਾਂ ਅਜਿਹੇ ਲੋਕਾਂ ਨੇ ਸਰਕਾਰ ਦੇ ਹੱਕ ਵਿਚ ਮਤੇ ਪਾਸ ਕੀਤੇ। ਇਕ ਮਤਾ ਇਸ ਤਰ੍ਹਾਂ ਸੀ— "The Sikhs of all classes of Amritsar beg unanimously to submit that we have no connection or sympathy with the Kukas. We are happy that the Government have adopted most appropriate and excellent measures for controlling this wicked and misguided sect. They are our mortal enemies, since by their misconduct and evil designs they injured our honour in the estimation of Government. We are thankful to the Government for the measures which have been adopted whereby the desire of our hearts has been fulfilled." Dated 22nd March, 1872, (Kuka Movement P. 189)

ਇਹ ਪੜ੍ਹਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਸ ਮਤੇ ਉੱਤੇ ਦਸਖ਼ਤ ਕਰਨ ਵਾਲੇ ਉਪਰਲੀਆਂ ਜਮਾਤਾਂ ਦੇ ਲੋਕ ਸਨ। ਕੀ ਇਹ ਉਹੀ ਲੋਕ ਸਨ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਸਿੱਖੀ ਜਾਮਾ ਪ੍ਰਦਾਨ ਕੀਤਾ ਸੀ ? ਇਹ ਗਦਾਰੀ, ਕਾਇਰਤਾ ਅਤੇ ਸੁਆਰਥ ਦੀ ਹੱਦ ਹੈ। ਸਿੱਖਾਂ ਵਿਚੋਂ ਲਾਲ ਸਿੰਘ ਤੇ ਤੇਜਾ ਸਿੰਘ ਨੇ ਸਿੱਖਾਂ ਨੂੰ ਲੜਾਈ ਵਿਚ ਹਾਰ ਦੁਆਈ ਸੀ। ਕੂਕਿਆਂ ਵਿਚ ਗੁਲਾਬ ਸਿੰਘ ਤੇ ਦਲ ਸਿੰਘ ਨੇ ਸਰਕਾਰੀ ਗੁਆਹ ਬਣਕੇ ਅੰਮ੍ਰਿਤਸਰ ਤੇ ਰਾਇਕੋਟ ਦੇ ਬੁੱਚੜਾਂ ਨੂੰ ਮਾਰਨ ਵਾਲੇ ਸੂਰਮਿਆਂ ਨੂੰ ਫਾਂਸੀ 'ਤੇ ਚੜ੍ਹਾਇਆ ਸੀ। ਕਿੱਥੇ ਇਹਨਾਂ ਸਿੱਖਾਂ ਦਾ ਚਰਿਤਰ ਕਿਤੇ ਉਹਨਾਂ ਕੂਕਿਆਂ ਦਾ ਯੋਧਿਆਂ-ਸੂਰਮਿਆਂ ਵਾਲਾ ਚਰਿਤਰ ਜਿਹੜੇ ਜਾਨ ਤਲੀ ਤੇ ਧਰਕੇ ਸ਼ਹੀਦੀ ਦਾ ਇੰਤਜ਼ਾਰ ਕਰ ਰਹੇ ਸਨ। ਉਰਦੂ ਵਿਚ ਲਿਖੀ ਤਾਰੀਖੇ-ਵਾਕਰੀ ਵਿੱਚ ਲਿਖਿਆ ਹੈ— They (Kukas) shun every evil as a sin. Stealing, adultery, drinking, in fact all evils, meat-eating, and falsehood are absolutely forbidden among them. He who becomes a Kuka is strictly enjoined to obey the Guru to observe the doctrine and to lead a life of austerity and self-sacrifice. Their chief principle is: Be ready to die, have no desire for life and think yourself humble as dust, then then and become a Kuka A life-long righteousness is enjoined upon each one of them. In the Kuka sect a hypocrite or a corrupt man is seldom Seen" (Kuka Movement P. 173)

ਬਾਬਾ ਰਾਮ ਸਿੰਘ ਨੇ ਇਤਿਹਾਸਿਕ ਪੱਖੋਂ ਉਹ ਕੰਮ ਵੀ ਕੀਤੇ ਜਿਨ੍ਹਾਂ ਨੇ ਅੰਗਰੇਜ਼ੀ ਸਰਕਾਰ ਨੂੰ ਵਖਤ ਪਾਇਆ ਹੋਇਆ ਸੀ। ਅਸਲ ਵਿਚ ਵੇਲੇ ਦਾ ਸਥਾਪਿਤ ਨਜ਼ਾਮ ਪਰਜਾ ਕੋਲੋਂ ਪੂਰੀ ਗੁਲਾਮੀ ਤੇ ਵਫ਼ਾਦਾਰੀ ਦੀ ਮੰਗ ਕਰਦਾ ਹੈ। ਤੇ ਜੇ ਇਹ ਰਾਜ ਪ੍ਰਬੰਧ ਬਾਹਰੋਂ ਆਏ ਲੋਕਾਂ ਦਾ ਹੋਵੇ ਤਾਂ ਉਹ ਨਿਯਮਾਂ ਤੇ ਰਵਾਇਤਾਂ ਨੂੰ ਹੋਰ ਵੀ ਸਖ਼ਤੀ ਨਾਲ ਲਾਗੂ ਕਰਦਾ ਹੈ। ਏਸ ਲਈ ਸਤਿਗੁਰੂ ਰਾਮ ਸਿੰਘ ਨੇ ਇੱਕ ਮਤਵਾਜ਼ੀ ਸਰਕਾਰ ਦਾ ਸਿਲਸਿਲਾ ਸਥਾਪਿਤ ਕੀਤਾ। ਰਾਜਨੀਤਕ ਪੱਖ ਤੋਂ ਇਹ ਅੰਗਰੇਜ਼ੀ ਸਰਕਾਰ ਦੀ ਖੁਲ੍ਹਮ-ਖੁਲ੍ਹਾ ਵਿਰੋਧਤਾ ਸੀ, ਅੰਗਰੇਜ਼ੀ ਰਾਜ-ਪ੍ਰਬੰਧ ਨੂੰ ਵੰਗਾਰਨਾ ਸੀ। ਇਸ ਮਤਵਾਜ਼ੀ ਸਿਲਸਿਲੇ ਤੋਂ ਪਤਾ ਲੱਗਦਾ ਹੈ ਕਿ ਬਾਬਾ ਰਾਮ ਸਿੰਘ ਇੱਕ ਦੂਰ ਤੇ ਦੀਰਘ ਦ੍ਰਿਸ਼ਟੀ ਵਾਲੇ ਮਹਾਨ ਆਗੂ ਸਨ। ਇਹ ਸੀ ਅੰਗਰੇਜ਼ੀ ਸਰਕਾਰ ਦੇ ਰਾਜ-ਪ੍ਰਬੰਧ ਸਰਕਾਰੀ ਸੰਸਥਾਵਾਂ, ਅੰਗਰੇਜ਼ੀ ਪਹਿਰਾਵੇ ਤੇ ਰਹਿਣ-ਸਹਿਣ ਦਾ ਮੁਕੰਮਲ ਬਾਈਕਾਟ। ਖੋਟੇ ਪਿੰਡ ਵਿਚ ਸ਼ਾਦੀ ਦੀ ਰਸਮ-ਰਵਾਇਤ ਨੂੰ ਅਸਲੋਂ ਨਵਾਂ ਤੇ ਵੱਖਰਾ ਰੂਪ ਦਿੱਤਾ ਗਿਆ। ਡਾਕ ਦਾ ਸਿਲਸਿਲਾ ਆਪਣਾ, ਇਨਸਾਫ਼ ਦਾ ਸਿਲਸਿਲਾ ਆਪਣਾ ਕਾਨੂੰਨ ਆਪਣੇ, ਕਚਹਿਰੀਆਂ ਆਪਣੀਆਂ। ਜਿਹੜਾ ਕੰਮ ਮਹਾਤਮਾ ਗਾਂਧੀ ਨੇ ਪੰਜਾਹ ਸਾਲ ਪਿਛੋਂ ਕੀਤਾ, ਉਹ ਗੁਰੂ ਰਾਮ ਸਿੰਘ ਨੇ ਪੰਜਾਹ ਸਾਲ ਪਹਿਲਾਂ ਕੀਤਾ। ਸਿੰਘਾਂ ਦਾ ਇਤਿਹਾਸ ਗਵਾਹ ਹੈ ਕਿ ਵੱਡੇ ਤੋਂ ਵੱਡੇ ਅਤਿਆਚਾਰ ਅੱਗੇ ਉਹਨਾਂ ਆਪਣਾ ਧਰਮ ਨਹੀਂ ਹਾਰਿਆ। ਏਸੇ ਤਰ੍ਹਾਂ ਨਾਮਧਾਰੀ ਯੋਧਿਆਂ ਨੇ ਹੱਸ ਹੱਸ ਕੇ ਮੌਤ ਨੂੰ ਜੱਫੀਆਂ ਪਾਈਆਂ ਪਰ ਆਪਣਾ ਅਕੀਦਾ, ਅਸੂਲ ਤੇ ਨਿਯਮ ਨਹੀਂ ਤਿਆਗੇ। ਖ਼ਾਲਸਾ, ਸੰਤ ਖਾਲਸਾ, ਅੰਮ੍ਰਿਤ ਤੇ ਖੰਡੇ ਦਾ ਅੰਮ੍ਰਿਤ ਨੇ ਇਕੋ ਜਿਹਾ ਕਿਰਦਾਰ ਪੈਦਾ ਕੀਤਾ ਜਿਹੜਾ ਹਰ ਤਰ੍ਹਾਂ ਦੇ ਅਤਿਆਚਾਰ ਵਿਰੁੱਧ ਲੋਹਾ ਲੈਣ ਲਈ ਆਪਣਾ ਸੁਭਾਗ ਸਮਝਦਾ ਸੀ।

ਹਮਾਯੂੰ ਕਬੀਰ ਜਿੱਥੇ ੧੮੫੭ ਦੇ ਵਿਦਰੋਹ ਬਾਰੇ ਇੰਜ ਲਿਖਦਾ ਹੈ— Except for the parts of oudh, it was largely a rebellion of the feudal elements who sought to restore their old social, political and military power" ਉਥੇ ਕੂਕਾ ਅੰਦੋਲਨ ਬਾਰੇ ਉਸ ਦੇ ਵਿਚਾਰ


Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਹਨ- "One of the most interesting of such efforts to expel the British was the Kuka Movement initiated by Bhai Ram Singh" ਤੇ ਫੇਰ 'His ultimate aim was wide and he had visions of the return of the days of Sikh power in North-West India" (Foreword—Kuka Movement P. VIII & IX) Restore ਦੇ ਅਰਥ ਹੀ ਪੁਰਨ-ਸਥਾਪਨਾ ਹੈ ਜਦੋਂ ਕਿ ਕੂਕਾ ਅੰਦੋਲਨ ਦਾ ਸਾਰਾ ਜਤਨ ਪੁਨਰ-ਸਿਰਜਣਾ ਵਿਚ ਸੀ।

ਏਥੇ ਇਹ ਗੱਲ ਵੀ ਵਰਣਨ ਯੋਗ ਹੈ ਕਿ ਰਾਜਨੀਤਕ ਪੱਖ ਤੋਂ ਕੂਕਾ ਅੰਦੋਲਨ ਬਾਬਾ ਬਾਲਕ ਸਿੰਘ ਦੇ ਜਗਿਆਸੀ, ਅਭਿਆਸੀ ਅੰਦੋਲਨ ਨਾਲੋਂ ਭਾਈ ਮਹਾਰਾਜ ਸਿੰਘ ਦੇ ਸਿੱਖ ਰਾਸ਼ਟਰਵਾਦ ਤੋਂ ਵਧੇਰੇ ਪ੍ਰਭਾਵਿਤ ਸੀ। ਭਾਈ ਮਹਾਰਾਜ ਸਿੰਘ ਬਾਰੇ ਦਿੱਤੀ ਇਹ ਟੂਕ ਕੂਕਾ ਅੰਦੋਲਨ ਦੇ ਇਨਕਲਾਬੀ ਸੰਕਲਪ ਨੂੰ ਅਸਲੋਂ ਸਪਸ਼ਟ ਕਰਦੀ ਹੈ-

Bhai Maharaj Singh," the main force behind the national struggle against the British, was at large for some time, engaged in preparations for stealing away the person of Maharaja Dalip Singh and making another bold bid for independence. But he too was arrested in December 1859 and sent into exile" (Kuka Movement 174-175)

ਇਹ ਟੂਕ ਇਹ ਵੀ ਸਪਸ਼ਟ ਕਰਦੀ ਹੈ ਕਿ ਕੂਕਾ ਅੰਦੋਲਨ ਦੇਸ਼ ਦੀ ਆਜ਼ਾਦੀ ਲਈ ਪਹਿਲਾ ਕੌਮੀ ਸੰਘਰਸ਼ ਸੀ। ਸਪੱਸ਼ਟ ਹੈ ਇਸ ਕੌਮੀ ਸੰਘਰਸ਼ ਨੇ ਬਾਅਦ ਵਿਚ ਆਉਣ ਵਾਲੇ ਆਜ਼ਾਦੀ ਅੰਦੋਲਨਾਂ ਨੂੰ ਪ੍ਰਭਾਵਿਤ ਕੀਤਾ। ਸੋ ਇਤਿਹਾਸਕ ਪੱਖੋਂ ੧੬੯੯ ਤੋਂ ਪਿਛੋਂ ਇਕ ਅਜਿਹਾ ਸਿਰ-ਲੱਥ ਕਿਰਦਾਰ ਪੈਦਾ ਹੋਇਆ, ਜਿਹੜਾ ਹਰ ਸਮੇਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਦੇਣ ਨੂੰ ਤਿਆਰ ਰਹਿੰਦਾ ਸੀ। ਇਤਿਹਾਸਕ ਪੱਖੋਂ ਇਹ ਪਹਿਲਾ ਆਜ਼ਾਦੀ ਦਾ ਅੰਦੋਲਨ ਸੀ ਜਿਸ ਵਿਚ ਜਮਾਤੀ ਨਿਖੇੜ ਬੜੇ ਉਘੜਵੇਂ ਰੂਪ ਵਿਚ ਪੇਸ਼ ਹੁੰਦਾ ਹੈ। ਜਿਵੇਂ ਅਸੀਂ ਉਪਰ ਕਹਿ ਆਏ ਹਾਂ ਇਸ ਇਨਕਲਾਬੀ ਅੰਦੋਲਨ ਨਾਲ ਮੁਲਖਈਆ ਵੀ ਜੁੜਿਆ ਸੀ ਤਾਂ ਫਿਰ ਇਹ ਅੰਦੋਲਨ ਸਫ਼ਲ ਕਿਉਂ ਨਾ ਹੋਇਆ? ਇਸ ਦੇ ਕਾਰਨ ਵੀ ਇਤਿਹਾਸਕ ਹਨ। ੧੮੪੯ ਵਿਚ ਪੰਜਾਬ ਵੀ ਅੰਗਰੇਜ਼ੀ-ਰਾਜ ਦਾ ਹਿੱਸਾ ਬਣ ਗਿਆ ਸੀ। ਇਕ ਪਾਸੇ ਹਥਿਆਰ-ਬੰਦ ਅੰਗਰੇਜ਼ੀ ਰਾਜ ਦੀ ਸ਼ਕਤੀ ਸੀ, ਅੰਗਰੇਜ਼ ਰਾਜ ਦੇ ਪਾਲਤੂ ਕੁੱਤੇ ਰਾਜੇ-ਮਹਾਰਾਜੇ, ਜਗੀਰਦਾਰ ਤੇ ਖਾਂਦੇ-ਪੀਂਦੇ ਲੋਕ ਸਨ। ਇਸ ਤੋਂ ੧੫੦ ਸਾਲ ਪਹਿਲਾ ਪੈਦਾ ਕੀਤਾ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖੀ ਕਿਰਦਾਰ ਬੁਰੀ ਤਰ੍ਹਾਂ ਨਾਲ ਨਿੱਘਰ ਚੁੱਕਾ ਸੀ। ਫੇਰ ਕੂਕਿਆਂ ਕੋਲ ਸੀ ਹੀ ਕੀ? ਇੱਕ ਮੋਟਾ ਸੋਟਾ ਤੇ ਸਫ਼ੈਦ ਜਾਮੇ ਵਿਚ ਪੈਦਾ ਹੋਇਆ ਨਵਾਂ ਤੇ ਯੋਧਾ ਗੁਰਸਿੱਖ। ਜਿਸ ਤਰ੍ਹਾਂ ਦਸਵੇਂ ਪਾਤਸ਼ਾਹ ਜਿੱਤ ਕੇ ਹਾਰੇ ਸਨ ਤੇ ਹਾਰ ਕੇ ਜਿੱਤੇ ਸਨ ਇਸੇ ਤਰ੍ਹਾਂ ਗੁਰੂ ਰਾਮ ਸਿੰਘ ਜਿੱਤ ਕੇ ਹਾਰੇ ਤੇ ਹਾਰ ਕੇ ਜਿੱਤੇ ਸਨ, ਹਾਰ ਇਸ ਵਿਚ ਸੀ ਕਿ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਨਹੀਂ ਕਰ ਸਕੇ। ਜਿੱਤ ਇਸ ਵਿਚ ਸੀ ਕਿ ਉਹਨਾਂ ਲਗਭਗ ੧੫੦ ਸਾਲ ਪਿਛੋਂ ਇਕ ਨਵਾਂ ਇਤਿਹਾਸ ਸਿਰਜਿਆ ਸੀ, ਇਕ ਜੁਝਾਰੂ ਤੇ ਬੇ-ਗ਼ਰਜ਼ ਕਿਰਦਾਰ ਨੂੰ ਪੈਦਾ ਕੀਤਾ ਸੀ। ਭਾਰਤ ਦੇ ਗੁਲਾਮ ਲੋਕਾਂ ਦੀ ਜ਼ਮੀਰ ਤੇ ਜ਼ਹਿਨੀਅਤ ਨੂੰ ਝੰਜੋੜਿਆ ਸੀ। ਇਕ ਸਿੱਧਾ-ਸਾਦਾ ਰਾਮ ਸਿੰਘ, ਸਤਿਗੁਰੂ ਰਾਮ ਸਿੰਘ ਬਣਕੇ ਭਾਰਤ ਦੇ ਇਤਿਹਾਸ ਨੂੰ ਇਨਕਲਾਬ ਦੇ ਰਾਹ ਪਾ ਗਿਆ ਸੀ, ਯੋਧਿਆਂ ਦੀ ਇੱਕ ਏਹੋ ਜੇਹੀ ਜਮਾਤ ਪੈਦਾ ਕਰ ਗਿਆ ਸੀ ਜਿਹੜੀ ਦੇਸ਼ ਦੀ ਖਾਤਰ ਸੀਸ ਵਾਰਣ ਨੂੰ ਸਦਾ ਤਿਆਰ ਰਹਿੰਦੀ ਸੀ।

ਦੇਸ਼ ਦੀ ਆਜ਼ਾਦੀ ਲਈ ਜਤਨਾਂ ਵਿਚ ਇਕ ਹੋਰ ਪੱਖ ਵੀ ਵਰਣਨ ਯੋਗ ਹੈ। ਸਤਿਗੁਰੂ ਰਾਮ ਸਿੰਘ ਨੇ ਆਜ਼ਾਦੀ ਦੇ ਅੰਦੋਲਨ ਨੂੰ ਕੇਵਲ ਭਾਰਤ ਤੱਕ ਹੀ ਮਹਿਦੂਦ ਨਹੀਂ ਰੱਖਿਆ। ਜੇ ਇਹ ਅੰਦੋਲਨ ਸਿਰਫ਼ ਧਾਰਮਿਕ ਤੇ ਸਮਾਜਕ ਸੁਧਾਰ ਦਾ ਸੀ ਤਾਂ ਗੁਰੂ ਜੀ ਨੂੰ ਬਾਹਰਲੇ ਦੇਸ਼ਾਂ ਨਾਲ ਸੰਪਰਕ ਕਰਨ ਦੀ ਕੀ ਲੋੜ ਸੀ? ਕੂਕਿਆਂ ਦਾ ਅਪੂਰਨ ਆਜ਼ਾਦ ਕਸ਼ਮੀਰ ਤੇ ਪੂਰੀ ਤਰ੍ਹਾਂ ਨਾਲ ਆਜ਼ਾਦ ਹੋਏ ਨੇਪਾਲ ਨਾਲ ਸੰਬੰਧ ਜੋੜਣ ਦੇ ਦੋ ਕਾਰਨ ਸਨ। ਪਹਿਲਾ ਉਹਨਾਂ ਤੋਂ ਸਰਕਾਰ ਵਿਰੁੱਧ ਕੀਤੇ ਜਾ ਰਹੇ ਆਜ਼ਾਦੀ ਦੇ ਸੰਘਰਸ਼ ਵਿਚ ਸਹਾਇਤਾ ਮਿਲਣ ਦੀ ਆਸ। ਦੂਜਾ-ਉਹਨਾਂ ਕੋਲੋਂ ਫੌਜੀ ਲੜਾਈ ਲੜਨ ਦੇ ਤੌਰ-ਤਰੀਕੇ ਸਿੱਖਣੇ ਜਿਨਾਂ ਦਾ ਅੰਗਰੇਜ਼ੀ ਸਰਕਾਰ ਨੂੰ ਪਤਾ ਨਾ ਲੱਗੇ। ਕਸ਼ਮੀਰ ਅਤੇ ਨੇਪਾਲ ਨਾਲ ਕੂਕਿਆਂ ਦੇ ਸਬੰਧ ਹੀ ਨਹੀਂ ਸਨ ਸਗੋਂ ਇਹਨਾਂ ਦੇਸ਼ਾਂ ਦੀ ਫੌਜ ਵਿਚ ਬਾਕਾਇਦਾ ਕੂਕਾ ਰਜਮੈਂਟ ਸਨ। ਫਰਵਰੀ ੧੮੭੦ ਦੀ ਰਿਪੋਰਟ ਅਨੁਸਾਰ ਕਸ਼ਮੀਰੀ ਫੌਜ ਵਿਚ ੧੭੦ ਕੂਕੇ ਸਨ ਜਿਨਾਂ ਦਾ ਕਮਾਂਡਰ ਹੀਰਾ ਸਿੰਘ ਸੀ। ਪਰ ਅਕਤੂਬਰ ਦੀ ਰਿਪੋਰਟ ਅਨੁਸਾਰ ਉਹਨਾਂ ਦੀ ਗਿਣਤੀ ਦੋ ਸੌ ਅਤੇ ਢਾਈ ਸੌ ਵਿਚਕਾਰ ਸੀ ਤੇ ਫੇਰ ੧੮੭੧ ਦੇ ਸਤੰਬਰ ਮਹੀਨੇ ਵਿਚ ਪਤਾ ਲੱਗਾ ਕਿ ਮਹਾਰਾਜਾ ਕਸ਼ਮੀਰ ਨੇ ਕੂਕਿਆਂ ਨੂੰ ਫੌਜ ਵਿਚੋਂ ਕੱਢ ਦਿੱਤਾ ਹੈ। ਕਸ਼ਮੀਰ ਵਿਚ ਸੈਨਾ-ਦਲ ਦਾ ਮੁੱਢ ੧੮੬੯ ਵਿਚ ਹੀਰਾ ਸਿੰਘ ਰਾਹੀਂ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਬੱਝਿਆ ਜਿਹੜਾ ਗੁਰੂ ਰਾਮ ਸਿੰਘ ਜੀ ਦਾ ਇਕ ਸੂਬਾ ਸੀ ਤੇ ਜਿਹੜਾ ਗੁਰੂ ਰਾਮ ਸਿੰਘ ਦੀ ਆਗਿਆ ਨਾਲ ਕਸ਼ਮੀਰ ਗਿਆ ਸੀ। ਪਰ ਕਸ਼ਮੀਰ ਵਿਚ ਕੂਕੇ ਉਨਾਂ ਚਿਰ ਹੀ ਰਹੇ ਜਿੰਨਾ ਚਿਰ ਅੰਗਰੇਜ਼ਾਂ ਨੂੰ ਇਸ ਦਾ ਪਤਾ ਨਾ ਲੱਗਿਆ ਪਰ ਜਦੋਂ ਹੀ ਅੰਗਰੇਜ਼ ਸਰਕਾਰ ਨੂੰ ਪਤਾ ਲੱਗਿਆ, ਤਾਂ ਕਸ਼ਮੀਰ ਦੇ ਮਹਾਰਾਜੇ ਨੇ ਸਾਰੇ ਕੂਕੇ ਫੌਜ ਵਿਚੋਂ ਕੱਢ ਦਿੱਤੇ ਸਨ। ਅਸਲ ਵਿਚ ਕੂਕਿਆਂ ਦਾ ਕਸ਼ਮੀਰ ਵਿਚ ਜਾਣ ਦਾ ਮੁੱਖ ਮੁੱਦਾ ਫੌਜੀ ਸਿੱਖਿਆ ਲੈਣੀ ਸੀ। ਜਿਹੜੀ ਕਿ ਜੰਮੂ ਵਿਚ ਦਿੱਤੀ ਜਾਂਦੀ ਸੀ। ਨੇਪਾਲ ਨਾਲ ਕੂਕਿਆਂ ਦਾ ਸਬੰਧ ਉਹਨਾਂ ੧੯ ਸਿੱਖਾਂ ਰਾਹੀਂ ਹੋਇਆ ਜਿਹੜੇ ਨੇਪਾਲ ਦਰਬਾਰ ਵਿੱਚ ਕੰਮ ਕਰਦੇ ਸਨ। ਇਹ ਸਿੱਖ ਲਾਹੌਰ ਦੀ ਖਾਲਸਾ ਫੌਜ ਵਿਚ ਸਿਪਾਹੀ ਸਨ ਅਤੇ ਉਹਨਾਂ ਨੇ ਅੰਗਰੇਜ਼ਾਂ ਵਿਰੁੱਧ ਲੜੀਆਂ ਗਈਆਂ ਸਿੱਖ ਲੜਾਈਆਂ ਵਿਚ ਹਿੱਸਾ ਲਿਆ ਸੀ। ਉਹ ਕੂਕਿਆਂ ਦੇ ਅੰਦੋਲਨ ਤੋਂ ਬਹੁਤ ਪ੍ਰਭਾਵਿਤ ਸਨ। ਅੰਗਰੇਜ਼ਾਂ ਨੂੰ ਨੇਪਾਲ ਨਾਲ ਕੂਕਿਆਂ ਦੇ ਸਬੰਧ ਵੀ ਚੁਭਦੇ ਸਨ ਤੇ ਜਦੋਂ ਨੇਪਾਲ ਦੇ ਅੰਗਰੇਜ਼ ਰੈਜੀਡੈਂਟ ਨੇ ਨੇਪਾਲ ਦੇ ਸ਼ਾਹ ਨਾਲ ਗੱਲ ਬਾਤ ਪਿਛੋਂ ਰਾਣੇ (ਸ਼ਾਹ) ਦੇ ਹਵਾਲੇ ਨਾਲ ਸਰਕਾਰ ਨੂੰ ਦੱਸਿਆ ਕਿ ਕੂਕੇ ਅੰਗਰੇਜ਼ ਸਰਕਾਰ ਲਈ ਮੁਸੀਬਤ ਖੜੀ ਕਰ ਸਕਦੇ ਹਨ, ਤਾਂ ਸਰਕਾਰ ਚੁਕੰਨੀ ਹੋ ਗਈ। ਰਾਣਾ ਜੰਗ ਬਹਾਦੁਰ ਨੇ ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਇਹ ੧੯ ਸਿੱਖ ਵੀ ਕੱਢ ਦਿੱਤੇ।

ਰੂਸ ਨਾਲ ਕੂਕਿਆਂ ਦੇ ਸਬੰਧਾਂ ਦੀ ਕਹਾਣੀ ਨੇਪਾਲ ਤੇ ਕਸ਼ਮੀਰ ਨਾਲ ਸਬੰਧਾਂ ਤੋਂ ਅਸਲੋਂ ਵੱਖਰੀ ਹੈ। ਕੂਕੇ ਰੂਸ ਦੀ ਫੌਜੀ ਤਾਕਤ ਨਾਲ ਜੁੜਕੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣਾ ਚਾਹੁੰਦੇ ਸਨ। ਕਿਉਂਕਿ ਰੂਸ ਦਾ ਅੰਗਰੇਜ਼ਾਂ ਨਾਲ ਸਿਰ ਵੱਢਵਾਂ ਵੈਰ ਸੀ। ਪਰ ਇਸ ਸਮੇਂ ਕੂਕਿਆਂ ਸਾਹਮਣੇ ਦੋ ਤਰ੍ਹਾਂ ਦੀਆਂ ਸਮੱਸਿਆਵਾਂ ਸਨ। ੧੮੭੨ ਵਿਚ ਕੂਕਿਆਂ ਦੇ ਸਮੂਹ ਰੂਪ ਵਿਚ ਹੋਏ ਕਤਲਾਂ ਅਤੇ ਦੇਸ਼-ਨਿਕਾਲੇ ਕਾਰਨ ਪੈਦਾ ਹੋਈ ਸਥਿਤੀ ਨੂੰ ਸੰਭਾਲਣਾ ਅਤੇ ਸੰਸਥਾ ਦੇ ਮੈਂਬਰਾਂ ਦੇ ਮਨੋ-ਬਲ ਨੂੰ ਬਰਕਰਾਰ ਰੱਖਣਾ ਸੀ। ਦੂਜੀ ਸਮੱਸਿਆ ਰੂਸੀਆਂ ਤੇ ਅੰਗਰੇਜ਼ਾਂ ਦੇ ਇਸ ਸਮੇਂ ਦੇ ਸਬੰਧਾਂ ਦੀ ਸੀ। ਇਸ ਸੰਬੰਧ ਵਿਚ ਗੁਰੂ ਰਾਮ ਸਿੰਘ ਦੇ ਦੇਸ਼-ਨਿਕਾਲੇ ਪਿਛੋਂ ਉਹਨਾਂ ਦੇ ਛੋਟੇ ਭਰਾ ਬਾਬਾ ਬੁੱਧ ਸਿੰਘ ਨੇ ਸੰਸਥਾ ਦੇ ਪੁਨਰ-ਸਥਾਪਣ ਵਿਚ ਬੜਾ ਅਹਿਮ ਰੋਲ ਅਦਾ ਕੀਤਾ। ਕੂਕਿਆਂ ਦੇ ਰੂਸ ਨਾਲ ਸਬੰਧ ਜੋੜਨ ਵਿੱਚ ਸੂਬਾ ਬਿਸ਼ਨ ਸਿੰਘ ਅਤੇ ਸੂਬਾ ਗੁਰਚਰਨ ਸਿੰਘ ਦੇ ਨਾਂ ਵਰਣਨ ਯੋਗ ਹਨ। ਰੂਸੀ ਹਕੂਮਤ ਤੇ ਕੂਕਿਆਂ ਵਿਚਕਾਰ ਚਿੱਠੀਆਂ ਦਾ ਸਿਲਸਿਲਾ ਜਾਰੀ ਰਿਹਾ। ੧੮੮੧ ਵਿਚ ਉਪਲਬਧ ਚਿੱਠੀਆਂ ਦੇ ਆਧਾਰ ਤੇ ਸੂਬਾ ਗੁਰਚਰਨ ਸਿੰਘ ਨੂੰ ਫੜ ਲਿਆ ਗਿਆ। ਪਰ ਸੂਬਾ ਬਿਸ਼ਨ ਸਿੰਘ ਨੇ ਉਨੇ ਹੀ ਜ਼ੋਰ-ਸ਼ੋਰ ਨਾਲ ਕੰਮ ਨੂੰ ਜਾਰੀ ਰੱਖਿਆ। ਮਹਾਰਾਜਾ ਦਲੀਪ ਸਿੰਘ ਰੂਸ ਵਿਚ ੧੮੮੭ ਵਿਚ ਪੁੱਜਾ। ਕਿਹਾ ਜਾਂਦਾ ਹੈ ਕਿ ਬਿਸ਼ਨ ਸਿੰਘ ਨਾਲ ਮਿਲ ਕੇ ਮਹਾਰਾਜਾ ਦਲੀਪ ਸਿੰਘ ਨੇ ਰੂਸੀਆਂ ਦੀ ਸਹਾਇਤਾ ਨਾਲ ਪੰਜਾਬ ਉੱਤੇ ਹਮਲਾ ਕਰਨ ਦੀ ਵਿਉਂਤ ਬਣਾਈ ਸੀ। ਅਗਸਤ ੧੮੭੨ ਅਤੇ ਮਾਰਚ ੧੮੮੧ ਵਿਚ ਸਤਿਗੁਰੂ ਰਾਮ ਸਿੰਘ ਦੇ ਅਨੇਕ ਹੁਕਮਨਾਮੇ ਅੰਗਰੇਜ਼ ਸਰਕਾਰ ਨੇ ਫੜੇ। ੧੮੮੨ ਤੋਂ ੧੮੮੮ ਵਿਚਕਾਰ ਕੂਕੇ ਬੜੀਆਂ ਚੜ੍ਹਦੀਆਂ ਕਲਾਂ ਵਿਚ ਸਨ। ਸਾਰਿਆਂ ਨੂੰ ਉਮੀਦ ਸੀ ਕਿ ਰੂਸੀਆਂ ਤੇ ਬਿਸ਼ਨ ਸਿੰਘ ਨਾਲ ਮਹਾਰਾਜਾ ਦਲੀਪ ਸਿੰਘ ਵੀ ਭਾਰਤ ਆਵੇਗਾ। ਮਹਾਰਾਜਾ ਦਲੀਪ ਸਿੰਘ ਰੂਸ ਵਿਚ ਨਵੰਬਰ ੧੮੮੮ ਤੱਕ ਰਿਹਾ। ਉਹਨੇ ਆਪਣੇ ਆਪ ਨੂੰ ਸਿੱਖਾਂ ਦਾ ਮਹਾਰਾਜ ਘੋਸ਼ਿਤ ਕਰ ਦਿੱਤਾ ਅਤੇ ਅੰਗਰੇਜ਼ਾਂ ਦਾ ਪੱਕਾ ਵੈਰੀ। ਮਾਸਕੋ ਵਿਚ ਰਹਿੰਦਿਆਂ ਉਹਨੇ ਸਿੱਖਾਂ ਤੇ ਕੂਕਿਆਂ ਨਾਲ ਖੁਫ਼ੀਆ ਸੰਪਰਕ ਬਣਾਈ ਰੱਖਿਆ। ਪਰ ਮਹਾਰਾਜਾ ਨਾ ਆ ਸਕਿਆ, ਸਿੱਖਾਂ 'ਚ ਨਿਰਾਸ਼ਾ ਫੈਲ ਗਈ। ਪਰ ਕੂਕਿਆਂ ਨੇ ਅੰਗਰੇਜ਼ ਸਰਕਾਰ ਨਾਲ ਕੋਈ ਸਮਝੌਤਾ ਨਾ ਕੀਤਾ। ਉਹ ਸਰਕਾਰ ਦੀਆਂ ਅੱਖਾਂ ਵਿਚ ਰੜਕਦੇ ਰਹੇ। ਕੌਮੀ ਆਜ਼ਾਦੀ ਅਤੇ ਸ੍ਵੈ-ਮਾਨ ਲਈ ਉਹ ਕੋਈ ਵੀ ਕੁਰਬਾਨੀ ਕਰ ਸਕਦੇ ਸਨ।

ਅਸੀਂ ਉਪਰ ਰਤਾ ਵਿਸਥਾਰ ਨਾਲ ਗੱਲ ਕੀਤੀ ਹੈ। ਜਿਸ ਦਾ ਕਾਰਨ ਇਹ ਦੱਸਣਾ ਹੈ ਕਿ ਰਾਜਨੀਤਕ ਪੱਧਰ ਉੱਤੇ ਕੂਕਿਆਂ ਨੇ ਦੇਸ਼ ਦੀ ਆਜ਼ਾਦੀ ਲਈ ਨਾ ਕੇਵਲ ਕੌਮੀ ਸਗੋਂ ਕੌਮਾਂਤਰੀ ਪੱਧਰ ਉੱਤੇ ਵੀ ਸੰਘਰਸ਼ ਕੀਤਾ।

ਜਿਵੇਂ ਇਤਿਹਾਸਕ ਪੱਖੋਂ ਸਤਿਗੁਰੂ ਰਾਮ ਸਿੰਘ ਨੇ ਬੇ-ਦਾਗ਼ ਤੇ ਨਿਡਰ ਕਿਰਦਾਰ ਪੈਦਾ ਕੀਤਾ ਜਿਸਨੇ ਨਿੱਘਰ ਰਹੇ ਸਿੱਖੀ ਸਮਾਜ ਨੂੰ ਇੱਕ ਜੁਝਾਰੂ ਇਤਿਹਾਸਕ ਮੋੜ ਦਿੱਤਾ ਜਿਸ ਦੀ ਪ੍ਰੇਰਨਾ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਿਰਜਣ ਦੀ ਅਦੁੱਤੀ ਮਿਸਾਲ ਸੀ। ਉਸੇ ਤਰ੍ਹਾਂ ਰਾਜਨੀਤਕ ਪੱਖ ਤੋਂ ਕੂਕਿਆਂ ਨੇ ਨਾ ਸਿਰਫ਼ ਆਜ਼ਾਦੀ ਦੀ ਪਹਿਲੀ ਲੜਾਈ ਲੜੀ ਸਗੋਂ ਇਸ ਲੜਾਈ ਨੂੰ ਕੌਮਾਂਤਰੀ ਰੂਪ ਦੇਕੇ ਇਸ ਦੀ ਮਹੱਤਤਾ ਅਤੇ ਮਹਾਨਤਾ ਨੂੰ ਇਤਿਹਾਸਕ ਪੱਖੋਂ ਇਕ ਮਹਾਨ ਰੂਪ ਵੀ ਦੇ ਦਿੱਤਾ।

*1510, ਫਸਟ ਫਲੋਰ*
*ਆਊਟਰਮ ਲਾਈਨ*
*ਗੁਰੂ ਤੇਗ ਬਹਾਦੁਰ ਨਗਰ ਦਿੱਲੀ-੯*


Sri Satguru Jagjit Singh Ji eLibrary NamdhariElibrary@gmail.com

## .ਗਜ਼ਲ

*—ਹਰਭਜਨ ਸਿੰਘ 'ਰਤਨ'*

ਹੱਸ ਹੱਸ ਦੁਖੜੇ ਸਹਿੰਦੇ ਨੇ,
ਮਰਦ ਜਿਨਾਂ ਨੂੰ ਕਹਿੰਦੇ ਨੇ।

ਆਸ਼ਕ ਜੱਗ ਤੋਂ ਵੱਖਰੇ ਨੇ,
ਭਾਵੇਂ ਜਗ ਵਿਚ ਰਹਿੰਦੇ ਨੇ।

ਆਪਣੀ ਪੀੜ ਭੁਲਾਕੇ ਭੀ,
ਜੱਗ ਦੀਆਂ ਪੀੜਾਂ ਸਹਿੰਦੇ ਨੇ।

ਨਾਲ ਤਕੱਬਰ ਉਡਦੇ ਜੋ,
ਓੜਕ ਥੱਲੇ ਢਹਿੰਦੇ ਨੇ।

ਤਖ਼ਤੇ ਤੇ ਲਟਕਣ ਵਾਲੇ,
ਤਖ਼ਤਾਂ ਤੇ ਭੀ ਬਹਿੰਦੇ ਨੇ।

ਗ਼ੈਰ ਦਾ ਪੱਥਰ ਖਾ ਲੈਂਦੇ,
ਯਾਰ ਦਾ ਫੁੱਲ ਨਾ ਸਹਿੰਦੇ ਨੇ।

ਸੂਲੀ ਉੱਤੇ ਚੜ੍ਹਕੇ ਭੀ,
ਹੱਕ ਦੀ ਗੱਲ ਹੀ ਕਹਿੰਦੇ ਨੇ।

ਸੇਧ ਜਿਨਾਂ ਨੂੰ ਮੰਜ਼ਲ ਦੀ,
ਨਾਲ ਤੂਫਾਨਾਂ ਖਹਿੰਦੇ ਨੇ।

ਜੀਵਨ ਰਮਜ਼ ਜਿਨ੍ਹਾਂ ਪਾਈ,
ਮੌਤ ਨੂੰ ਲਾੜੀ ਕਹਿੰਦੇ ਨੇ।

ਜਾਨ ਜਹਾਨ ਜਿਨਾਂ ਦੀ ਹੈ,
ਨਿਤ ਨਿਤ ਮਰਦੇ ਰਹਿੰਦੇ ਨੇ।

ਦਿਲ ਦਰਿਆ ਜਿਨ੍ਹਾਂ ਦੇ ਨੇ,
ਆਪਣੀ ਚਾਲ ਹੀ ਵਹਿੰਦੇ ਨੇ।

ਦਿਲ ਦੀ ਦਿਲ ਵਿਚ ਰੋਕ ਲਈ,
ਆਸ਼ਕ ਕਹਿੰਦੇ ਕਹਿੰਦੇ ਨੇ।

ਪਾ ਗਲ ਲੀਰਾਂ ਫਿਰਦੇ ਜੋ,
ਲੋਕੀ ਪਾਗਲ ਕਹਿੰਦੇ ਨੇ।

ਥੋੜ-ਦਿਲੇ ਦੁਨੀਆਂ ਵਾਲੇ,
ਗਲ ਗਲ ਤੇ ਗਲ ਪੈਂਦੇ ਨੇ।

ਜਗ ਵਿਚ ਸਾਰੇ ਚੰਗੇ ਨਹੀਂ,
'ਰਤਨ' ਜਿਹੇ ਵੀ ਰਹਿੰਦੇ ਨੇ।

## .ਗਜ਼ਲ

*—ਮਹਾਂਬੀਰ ਸਿੰਘ ਦਰਦੀ*

ਸਾਫ਼ ਦੱਸਦਾ ਬੰਦ ਹੋਣਾ ਸੜਕ ਤੇ ਬਾਜ਼ਾਰ ਦਾ
ਆ ਰਿਹਾ ਹੈ ਕਾਰਕੁੰਨ ਕੋਈ ਸ਼ਾਹੀ ਦਰਬਾਰ ਦਾ

ਅਸਲ ਵਿਚ ਉਹ ਆਦਮੀ ਹਕਦਾਰ ਹੈ ਸਤਿਕਾਰ ਦਾ
ਜੋ ਕਦੀ ਹੋਇਆ ਨਹੀਂ ਅੱਝਾ ਕਿਸੇ ਸਰਕਾਰ ਦਾ

ਬਾਗ ਵਾਲੇ ਕਰ ਰਹੇ ਦਾਅਵੇ ਬਹਾਰਾਂ ਦੇ ਬੜੇ
ਪੈ ਰਿਹਾ ਫਿੱਕਾ ਦਿਨੋਂ—ਦਿਨ ਰੰਗ ਪਰ ਗੁਲਜ਼ਾਰ ਦਾ

ਕਿੰਨਾ ਉੱਚਾ ਹੋ ਗਿਆ ਹੈ ਵੇਖ ਲਓ ਅਜ ਆਦਮੀ
ਕੰਪਿਊਟਰ ਦੇ ਯੁੱਗ ਵਿਚ ਮੁੱਲ ਨਹੀਂ ਕਿਰਦਾਰ ਦਾ

ਰੋਜ਼ ਜੰਜ਼ੀਰਾਂ, ਬੇੜੀਆਂ ਢਾਲਦਾ ਸਾਡੇ ਲਈ
ਕੰਮ ਹੈ ਇਸ ਸ਼ਹਿਰ ਦੇ ਹਰ ਕਾਰਖਾਨੇਦਾਰ ਦਾ

ਵੇਚ ਕੇ ਹਰ ਰੀਝ ਮਨ ਤਨ ਦੀ ਮਸਾਂ ਰੋਟੀ ਜੁੜੀ
ਰੇਟ ਹਾਲੇ ਜਾਣਾ ਉੱਚਾ ਹੋਰ ਵੀ ਬਾਜ਼ਾਰ ਦਾ

ਸ਼ਿਕਰਿਆਂ ਦੇ ਹੱਥ ਅਦਲ ਦੇ ਆ ਗਏ ਅਧਿਕਾਰ ਨੇ
ਹੁਣ ਨਹੀਂ ਕੋਈ ਪਰਿੰਦਾ ਬਾਗ ਵਿਚ ਪਰ ਮਾਰਦਾ

ਸਾਗਰਾਂ ਤੇ ਹਰ ਘਟਾ ਵਰ੍ਹਦੀ ਨਾ ਜੇਕਰ ਇਸ ਤਰ੍ਹਾਂ
ਧਾਰ ਲੈਂਦਾ ਰੂਪ ਰੇਗਿਸਤਾਨ ਸਬਜ਼ਾਜ਼ਾਰ ਦਾ

ਇਸ ਨਗਰ ਦੇ ਹੁਣ ਨਹੀਂ ਆਸਾਰ ਚੰਗੇ ਜਾਪਦੇ
ਇਸ ਨਗਰ ਵਿਚ ਰੂਪ ਵੀ ਮੁਹਥਾਜ ਹੈ ਪਰਚਾਰ ਦਾ

ਲੈ ਗਏ ਤਾਜਰ ਉਪਜ ਸਸਤੇ ਦਰਾਂ ਤੇ ਓਸਦੀ
ਹਾਲ ਬਦਤਰ ਕਰ ਗਏ ਹਾਲਾਤ ਵਾਹੀਕਾਰ ਦਾ

ਦੋਸਤਾਂ ਦੀ ਬੇਵਫਾਈ ਤੇ ਗ਼ਿਲਾ ਮੈਂ ਕੀ ਕਰਾਂ
ਹੋਰ ਹੀ ਕਾਰਨ ਹੈ ਮੈਨੂੰ ਪੇਸ਼ ਆਈ ਹਾਰ ਦਾ

ਭੋਗਤਾ ਦੇ ਯੁਗ ਨੇ ਬਦਲੀ ਆਦਮੀ ਦੀ ਹਰ ਰੁਚੀ
ਯਾਰ ਤੋਂ ਵੀ ਉਠ ਗਿਆ 'ਦਰਦੀ' ਭਰੋਸਾ ਯਾਰ ਦਾ

(ਛਪ ਰਹੇ .ਗਜ਼ਲ-ਸੰਗ੍ਰਹਿ "ਸਵੇਰ ਆਏਗੀ" ਵਿਚੋਂ—


Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ

*—ਅਜੀਤ ਸਿੰਘ ਚੀਮਾ*

ਜਦੋਂ ਅਸਾਨੂੰ ਰਾਤ ਨੂੰ ਹਨੇਰੇ ਸਤਾਂਦੇ ਨੇ,
ਯਾਰ ਸਾਡੇ ਖੁਸ਼ੀ ਵਿਚ ਦੀਵੇ ਜਗਾਂਦੇ ਨੇ।

ਅਸੀਂ ਤਾਂ ਹਮੇਸ਼ਾ, ਉਨ੍ਹਾਂ ਦੀ ਖੈਰ ਮੰਗਦੇ ਹਾਂ,
ਪਤਾ ਨਹੀਂ ਕਿਉਂ ਅਸਾਡੇ ਰਾਹਾਂ 'ਚ ਕੰਢੇ ਵਿਛਾਂਦੇ ਨੇ,

ਮੈਂ ਉਹਨੂੰ ਵੇਖ ਕੇ ਕਦੇ ਵੱਟ ਨਹੀਂ ਪਾਇਆ,
ਮੈਂ ਹੈਰਾਨ ਹਾਂ ਉਹ ਖਾਹ-ਮਖਾਹ ਅੱਖਾਂ ਵਿਖਾਂਦੇ ਨੇ।

ਸ਼ਬੇ ਫ਼ਰਾਕ ਵਿਚ ਅੱਗੇ ਹੀ ਅਸੀਂ ਸੜਦੇ ਹਾਂ,
ਨਫ਼ਰਤ ਦਾ ਉਹ ਹੋਰ ਕਾਹਨੂੰ ਤੇਲ ਪਾਂਦੇ ਨੇ।

ਫੁੱਲਾਂ ਨੂੰ ਕਿਸੇ ਦੀ ਸੇਜ ਜਾਂ ਮੱਈਅਤ ਤੇ ਰੱਖ ਦੇਵੋ,
ਉਹ ਕਦੀ ਨਹੀਂ ਰੋਏ, ਸਦਾ ਹੀ ਮੁਸਕਰਾਂਦੇ ਨੇ।

ਜਿਨ੍ਹਾਂ ਦੇ ਇਸ਼ਕ ਸੱਚੇ ਨੇ, ਸਦਾ ਖ਼ਾਮੋਸ਼ ਰਹਿੰਦੇ ਨੇ,
ਉਹ ਪਾਗਲਾਂ ਵਾਂਗੂ ਕਦੀ ਨ ਬੁੜਬੜਾਂਦੇ ਨੇ।

ਇਹ ਰਾਂਗਲੀ ਦੁਨੀਆਂ ਇਕ ਸਰ੍ਹਾਂ ਵਾਂਗੂ ਹੈ,
ਏਥੇ ਕਈ ਮੁਸਾਫ਼ਰ ਆ ਰਹੇ ਕਈ ਮੁੜ ਕੇ ਜਾਂਦੇ ਨੇ।

ਬਾਕੀ ਜੋ ਉਮਰ ਰਹਿੰਦੀ ਏ ਲੇਖੇ 'ਚ ਲਾ ਲੈ ਚੀਮਿਆ,
ਦਮ ਤੇਰੇ ਨੇ ਦਮ ਦਮਾਦਮ ਮੁੱਕਦੇ ਜਾਂਦੇ ਨੇ।

*—ਪਿੰਡ ਬੂਸੋਵਾਲ*

*(ਸੁਲਤਾਨਪੁਰ ਲੋਧੀ)*

## ਦੋਹੇ

*—ਸੁਵਰਨ ਸਿੰਘ ਵਿਰਕ*

ਆਇਆ ਖ਼ਤ ਦਰਵੇਸ਼ ਦਾ, ਪੜ੍ਹੀਏ ਨਾਲ ਵਿਚਾਰ।
ਜਿਤ ਸਿਮਰੇ ਮਨ ਵਿਗਸਿਆ, ਓਹਾ ਯਾਦ ਸਾਕਾਰ।

ਮਿੱਤਰ ਦੂਰ ਵਸੰਦਿਆਂ, ਧੰਨ ਸੁਹਾਵਾ ਦੇਸ਼।
ਜਿੱਥੇ ਅਨਹਦ ਨਾਦ ਦੀ ਗੂੰਜੇ ਧੁੰਨੀ ਹਮੇਸ਼।

ਕਵਣ ਸੁ ਅਖਰ ਢੂੰਡੀਐ, ਜੋ ਅੱਖਰ ਪਰਵਾਨ।
ਜਿਸਦੀ ਸਿਫਤ ਸਲਾਹ ਬਿਨ, ਭਟਕ ਰਿਹਾ ਇਨਸਾਨ।

ਮੈਂ ਜਾਣਿਆ ਮੈਂ ਫਾਥਿਆ, ਫਾਥਾ ਸਭ ਸੰਸਾਰ।
ਹਲਤ-ਪਲਤ ਦੇ ਵਿਗੜੇ, ਸ਼ਬਦ ਸੁਆਰਨਹਾਰ।

ਤੈਂਡੇ ਦਰ ਦਰਵੇਸ਼ ਜੀ, ਲੋਚਾਂ ਮਸਤਕ ਧੂੜ।
ਇਕੋ ਦਾਹਵਾ ਸੱਜਣਾਂ, ਬਾਕੀ ਦਾਅਵੇ ਕੂੜ।

ਦੁਨੀ ਜੋ ਜਿੱਤਣ ਨਿਕਲਿਆ, ਦੁਨੀ ਨਾ ਜਿਤੀ ਜਾ।
ਚਹੁੰ ਕੂੰਟਾਂ 'ਚ ਠੱਗਨੀ, ਬੈਠੀ ਫਾਹੀਆਂ ਲਾ।

ਆਪਾ ਪਰ ਦਾ ਮਾਰਿਆ, ਔਖੀ ਮਾਰਨ ਮੈਂ।
ਜਿੱਥੇ ਹੋਵੇ ਮੈਂ ਮੈਂ, ਓਥੇ ਆਸ ਨਾ ਤੈਂ।

ਹਉਮੈਂ ਵਿਚ ਗਰੱਸਿਆ, ਭੋਗੇ ਦੁਖ ਸਰੀਰ।
ਸਿੱਕ ਦਾਰੀ ਦੀ ਸਿੱਕ ਵਿਚ, ਲੱਖ ਕਰੋੜਾਂ ਕੀਰ।

ਰਹਿੰਦੀ ਜਿਸ ਦੀ ਸੱਚ ਨੂੰ, ਆਦਿ ਜੁਗਾਦੀ ਭਾਲ।
ਹਉਂ ਤਿਸਦੇ ਚਉਖੰਨੀਐ, ਢਹਿ ਢਹਿ ਪਵਾਂ ਚੌਫਾਲ।

ਮਾਇਆ ਮਨਸਾ ਮੋਰਨੀ, ਨੱਚੇ ਮਨ ਦਾ ਮੋਰ।
ਪੀ ਪਿਆਲਾ ਪਿਰਮ ਦਾ, ਭਈ ਹੋਰ ਦੀ ਹੋਰ।

ਦਿਵਸ ਦਲੀਲਾਂ ਗਿਣਦਿਆਂ, ਤਾਰੇ ਗਿਣਦਿਆਂ ਰਾਤ।
ਬਾਪੂ ਬਣਿਆ ਗਿਆ ਨਾ, ਰਹੇ ਤਾਤ ਕੇ ਤਾਤ।

ਹਉਂ ਪਾਪੀ ਵਡ ਗੁਨਾਹਗਾਰ, ਅਵਗੁਣ ਭਰੇ ਸ਼ੈਤਾਨ।
ਥਾਉਂ ਨਾ ਪਾਇਨ ਕੂੜਿਆਰ, ਲੋਭੀ ਨਿਮਕ ਹਰਾਮ।

ਮੈਂ ਮੇਰੀ ਦੀ ਪਕੜ ਵਿਚ ਭਟਕ ਰਿਹਾ ਸੰਸਾਰ।
ਤੁਧੈ ਜਿਨਿ ਅਰਾਧਿਆ ਤਿਨ ਕੇ ਬੇੜੇ ਪਾਰ।

ਦੀਨ ਦਰਦ ਦੁਖ ਭੰਜਨਾਂ ਦਿਹ 'ਚ ਦਰਸ਼ਨ ਦਾਤ।
ਮਿਟੇ ਹਨੇਰਾ ਕੂੜ ਦਾ ਹੋਵੇ ਸੱਚ ਪ੍ਰਭਾਤ।

*— ਕਰੀਵਾਲਾ (ਸਿਰਸਾ)*



Sri Satguru Jagjit Singh Ji eLibrary NamdhariElibrary@gmail.com

*ਗੀਤ*

## ਦੂਰ ਵਸੇਂਦਿਆ ਸੋਹਣਿਆਂ ਸੱਜਣਾ

*-ਸੰਤੋਖ ਸਿੰਘ ਸਫ਼ਰੀ*

ਦੂਰ ਵਸੇਂਦਿਆ ਸੋਹਣਿਆ ਸੱਜਣਾ, ਹੋਰ ਨਾ ਮੈਨੂੰ ਮਾਰ ਵੇ।
ਰਿਸ਼ਮਾਂ ਨਾਲ ਅੜੁੰਬ ਕੇ ਮੈਨੂੰ ਲੈ ਚਲ ਗਗਨੋਂ ਪਾਰ ਵੇ।

ਤੇਰੇ ਬਾਝੋਂ ਸੱਜਣਾ ਮੈਨੂੰ, ਦਿਨੇ ਵੀ ਲੱਗੇ ਹਨੇਰਾ ਵੇ।
ਥੱਕ ਗਈਆਂ ਮੈਂ, ਥੌਹ ਨਹੀਂ ਔਂਦਾ, ਕਿਸ ਥਾਂ ਤੇਰਾ ਡੇਰਾ ਵੇ।
ਜਿੰਦ ਨਿਮਾਣੀ ਪੱਥਰ ਬਣ ਗਈ, ਚਰਨ ਛੁਹਾ ਕੇ ਤਾਰ ਵੇ....
ਰਿਸ਼ਮਾਂ ਨਾਲ ਅੜੁੰਬ ਕੇ ਮੈਨੂੰ, ਲੈ ਚਲ ਗਗਨੋਂ ਪਾਰ ਵੇ।

ਬੁੱਲਾਂ ਉੱਤੇ ਹਓਕੇ ਬਹਿ ਗਏ, ਸਾਂਭ ਕੇ ਮੇਰੀਆਂ ਹੂਕਾਂ ਵੇ।
ਤੇਰੇ ਕੰਨਾਂ ਤੱਕ ਨਾ ਪੁੱਜੀਆਂ, ਮੈਂ ਤੱਤੜੀ ਦੀਆਂ ਕੂਕਾਂ ਵੇ।
ਉਮਰ ਮੇਰੀ ਦੇ ਸਿਰ ਦੇ ਗ਼ਮ ਦਾ ਸੈਆਂ ਮਣਾਂ ਦਾ ਭਾਰ ਵੇ....
ਦੂਰ ਵਸੇਂਦਿਆ ਸੋਹਣਿਆਂ ਸੱਜਣਾ, ਹੋਰ ਨਾ ਮੈਨੂੰ ਮਾਰ ਵੇ।

ਨੇੜੇ ਤੋਂ ਵੀ ਨੇੜੇ ਹੋ ਕੇ, ਫਿਰ ਕਿਉਂ ਪਾਨੈ ਦੂਰੀ ਵੇ
ਪਿਆਰ ਅੱਗੇ ਨਹੀਂ ਕੁਝ ਵੀ ਕਰਦੀ, ਰਸਮਾਂ ਦੀ ਮਜਬੂਰੀ ਵੇ
ਨਿਗਾਹ ਸਵੱਲੀ ਕਰਕੇ ਏਧਰ, ਇਕ ਅੱਧ ਝਾਤੀ ਮਾਰ ਵੇ
ਦੂਰ ਵਸੇਂਦਿਆ ਸੋਹਣਿਆ ਸੱਜਣਾ, ਹੋਰ ਨਾ ਮੈਨੂੰ ਮਾਰ ਵੇ।

ਅੱਖੀਆਂ ਦੇ ਵਿਹੜੇ ਵਿਚ ਡਿਗੀਆਂ, ਮੂਧੜੇ ਮੂੰਹ ਉਡੀਕਾਂ ਵੇ
ਤਲੀਆਂ ਮਲਮਲ ਮਿਟ ਗਈਆਂ ਨੇ, ਮੇਰੇ ਹੱਥ ਮੇਰੇ ਦੀਆਂ ਲੀਕਾਂ ਵੇ
ਹੋਠਾਂ ਉੱਤੇ ਸਹਿਮ ਦੀ ਸਿੱਕਰੀ ਬਹਿ ਗਈ ਧਰਨਾ ਮਾਰ ਵੇ।
ਰਿਸ਼ਮਾ ਨਾਲ ਅੜੁੰਬ ਕੇ ਮੈਨੂੰ, ਲੈ ਚੱਲ ਗਗਨੋਂ ਪਾਰ ਵੇ।

ਵੰਝਲੀ ਵਾਲਿਆ ਕੋਲ ਬਹਾ ਕੇ, ਛੇੜ ਅਨੋਖੀ ਤਾਨ ਵੇ
'ਸਫ਼ਰੀ' ਰੱਜ ਕੇ ਮੈਂ ਮਾਣਾ ਤੇਰੇ, ਬੁੱਲ੍ਹਾਂ ਦੀ ਮੁਸਕਾਨ ਵੇ
ਬਖਸ਼ ਗੁਨਾਹ ਕਮਲੀ ਦਿਆ ਸਾਈਆਂ, ਮੈਂ ਤੇਰੀ ਗੁਨਾਹਗਾਰ ਵੇ।
ਰਿਸ਼ਮਾ ਨਾਲ ਅੜੁੰਬ ਕੇ ਮੈਨੂੰ, ਲੈ ਚਲ ਗਗਨੋਂ ਪਾਰ ਵੇ।

*ਡਬਲਊ,ਬੀ, 186*
*ਆਲੀ ਮੁਹੱਲਾ ਜਲੰਧਰ।*

*ਗੀਤ*

## ਫੁੱਲਾਂ ਦੇ ਸਰੂਪ ਵਾਲੀਏ...

*-ਨੀਲਮ ਸੰਜੀਵ*

ਫੁੱਲਾਂ ਦੇ ਸਰੂਪ ਵਾਲੀਏ, ਕਾਹਤੋਂ ਨੱਚਦੀ ਫਿਰੇਂ ਮੁਟਿਆਰੇ।
ਰੂਪ ਨੂੰ ਸੰਭਾਲ ਕੁੜੀਏ, ਗਲੀ ਗਲੀ 'ਚ ਫਿਰਨ ਹਤਿਆਰੇ।

ਤੂੰ ਤੇ ਐਸੀ ਜੱਗ ਜਣਨੀ, ਜੀਹਨੇ ਜੱਗ ਦੇ ਬਾਪ ਨੂੰ ਜਣਿਆ।
ਬੁੱਧ! ਪੀ ਕੇ ਤੇਰੇ ਦੁੱਧ ਨੂੰ, ਸਾਰੇ ਜੱਗ ਦਾ ਸੁਆਮੀ ਬਣਿਆ।
ਕੱਚ ਦੀ ਕਚਹਿਰੀ ਵਾਂਗਰਾਂ, ਨੀ ਤੂੰ ਮੇਲਿਆਂ 'ਚ ਕੇਸ ਖਲਾਰੇ..
ਫੁੱਲਾਂ ਦੇ ਸਰੂਪ ਵਾਲੀਏ, ਕਾਹਤੋਂ ਨੱਚਦੀ ਫਿਰੇਂ ਮੁਟਿਆਰੇ।

ਠੰਡੀ ਰੱਖ ਖੂਬਸੂਰਤੀ, ਕੀ ਲੈਣਾ ਈ ਭਬੂਕੇ ਵਾਂਗੂੰ ਮਚਕੇ
ਪਿਆਰ ਦੀ ਸਿਤਾਰ ਛੇੜਕੇ, ਮੀਰਾਂ ਵਾਂਗਰਾਂ ਵਖਾ ਦੇ ਜ਼ਰਾ ਨੱਚ ਕੇ
ਵੇਲੇ ਵੱਲ ਵੇਖ ਗੋਰੀਏ, ਗਲੀ ਗਲੀ ਚ ਫਿਰਨ ਹਤਿਆਰੇ।...
ਫੁੱਲਾਂ ਦੇ ਸਰੂਪ ਵਾਲੀਏ, ਕਾਹਤੋਂ ਨੱਚਦੀ ਫਿਰੇਂ ਮੁਟਿਆਰੇ।

ਹੋਣੀਆਂ ਦਾ ਹਾਣ ਬਣਕੇ, ਤੂੰ ਬਣ ਰਜ਼ੀਆ ਸੁਲਤਾਨਾ।
ਝਾਂਸੀ ਵਾਲੀ ਰਾਣੀ ਬਣ ਜਾ, ਨੀ ਤੂੰ ਕਰਕੇ ਭੇਸ ਮਰਦਾਨਾ
ਕਹਿਰ ਦੀ ਦੁਪਹਿਰ ਬਣਕੇ, ਕਾਹਨੂੰ ਮਾਰਦੀ ਫਿਰੇ ਲਿਸ਼ਕਾਰੇ।..
ਫੁੱਲਾਂ ਦੇ ਸਰੂਪ ਵਾਲੀਏ, ਕਾਹਨੂੰ ਨੱਚਦੀ ਫਿਰੇਂ ਮੁਟਿਆਰੇ।

ਲੋੜ ਤੇਰੀ ਗ਼ੈਰਤ ਦੀ, ਕੋਈ ਜਣ ਦੇ ਸੰਤ ਸਿਪਾਹੀ
ਦੇਸ਼ ਉੱਤੋਂ ਜਿੰਦ ਵਾਰ ਕੇ ਹਰ ਦਿਲ ਦਾ ਬਣੇ ਜੋ ਮਾਹੀ
ਨੂਰ ਦੇਦੇ ਐਸਾ ਜੱਗ ਨੂੰ, ਜਿਹੜਾ ਜੁਗਾਂ ਤੱਕ ਦਵੇ ਲਿਸ਼ਕਾਰੇ...
ਫੁੱਲਾਂ ਦੇ ਸਰੂਪ ਵਾਲੀਏ, ਕਾਹਤੋਂ ਨੱਚਦੀ ਫਿਰੇਂ ਮੁਟਿਆਰੇ।

ਦੇਸ਼ ਤੇਰਾ ਉਹ ਦੇਵਤਾ, ਕੋਈ ਹੋਰ ਨਾ ਏਸ ਦਾ ਸਾਨੀ
ਦੱਸਾਂ ਇਹਦੀ ਕਿਹੜੀ ਵੀਰਤਾ, ਇਹਦੀ ਆਰਤੀ ਉਤਾਰੇ ਕੁਰਬਾਨੀ
ਉਹਨਾਂ ਵਲ ਵੇਖ ਕੁੜੀਏ, ਜੀਹਨਾਂ ਮਾਵਾਂ ਨੇ ਜੁਆਨ ਪੁੱਤ ਵਾਰੇ....
ਫੁੱਲਾਂ ਦੇ ਸਰੂਪ ਵਾਲੀਏ, ਕਾਹਨੂੰ ਨੱਚਦੀ ਫਿਰੇ ਮੁਟਿਆਰੇ।

*ਕੁਆਟਰ ਨੰਬਰ 19*
*ਸ਼ੂਗਰ ਮਿੱਲ, ਫਗਵਾੜਾ।*


Sri Satguru Jagjit Singh Ji eLibrary NamdhariElibrary@gmail.com

# ਚਸ਼ਮਾ

ਜਸਵੰਤ ਸਿੰਘ ਵਿਰਦੀ

ਉਦੋਂ ਸਾਡੇ ਪਿੰਡ ਦੀ ਸੀਮਾ ਅੰਦਰ ਠੰਡੇ ਮਿੱਠੇ ਪਾਣੀ ਦਾ ਇਕ ਸੋਮਾ ਵਗਦਾ ਸੀ। ਪਿੰਡ ਦੇ ਵਿਚਕਾਰ ਲੋਕਾਂ ਦੇ ਘਰਾਂ ਮੁੱਢ ਇਕ ਚੌੜਾ ਖੂਹ ਵੀ ਸੀ, ਪਰ ਪਿੰਡ ਦੇ ਸਾਰੇ ਹੀ ਲੋਕ ਉਸ ਸੋਮੇ ਦਾ ਹੀ ਪਾਣੀ ਪੀਂਦੇ ਸਨ। ਉੱਥੇ ਨੱਢੀਆਂ ਤੇ ਬੁੱਢੀਆਂ ਦਾ ਮੇਲਾ ਜਿਹਾ ਲੱਗਾ ਰਹਿੰਦਾ ਸੀ। ਹਰ ਕੋਈ ਉੱਥੇ ਜਾ ਕੇ ਖੁਸ਼ ਹੁੰਦਾ ਸੀ। ਭਾਦੋਂ ਦੇ ਮਹੀਨੇ 'ਚ ਪਿੰਡ ਦੇ ਲੋਕ ਪੰਚਮੀ ਵਾਲੇ ਦਿਨ ਉਸ ਚਸ਼ਮੇ ਦਾ ਉਤਸਵ ਮਨਾਉਂਦੇ ਤਾਂ ਘਰਾਂ 'ਚ ਜਿਵੇਂ ਕੋਈ ਨਾ ਰਹਿ ਜਾਂਦਾ। ਗੱਭਰੂ ਮੁਟਿਆਰਾਂ ਨੂੰ ਅਤੇ ਨੱਢੀਆਂ ਆਪਣੇ ਪ੍ਰੇਮੀਆਂ ਨੂੰ ਨਜ਼ਰ ਭਰਕੇ ਦੇਖਣ ਲਈ ਉੱਥੇ ਜ਼ਰੂਰ ਪੁੱਜਦੇ। ਉੱਧਰੋਂ ਲੰਘਣ ਵਾਲੇ ਰਾਹਗੀਰ ਗਦਗਦ ਭਾਵ ਨਾਲ ਕਹਿੰਦੇ- 'ਕੁਦਰਤ ਦੀ ਕਿਹੀ ਦਾਤ ਮਿਲੀ ਹੋਈ ਐ ਜੌਹਲ ਪਿੰਡ ਵਾਲਿਆਂ ਨੂੰ!'

ਲੋਕਾਂ ਦੀ ਇਹ ਗੱਲ ਸੁਣਕੇ ਸਾਡੇ ਪਿੰਡ ਵਾਲਿਆਂ ਦਾ ਮਾਣ ਵਧ ਜਾਂਦਾ, ਅਤੇ ਉਨ੍ਹਾਂ ਨੂੰ ਉਹ ਚਸ਼ਮਾ ਹੋਰ ਵੀ ਦਿਲਕਸ਼ ਪ੍ਰਤੀਤ ਹੁੰਦਾ!

ਮੈਨੂੰ ਤਾਂ ਹਾਲੇ ਵੀ ਚੇਤਾ ਹੈ, ਪਿੰਡ ਦੇ ਕਈ ਬਜ਼ੁਰਗ ਕਿਹਾ ਕਰਦੇ ਸਨ ਕਿ ਕਦੀ ਕਦੀ ਉਸ ਚਸ਼ਮੇ ਕੋਲ ਇਕ ਪਰੀ ਦਿਖਾਈ ਦਿੰਦੀ ਸੀ......

'ਪਰੀ?' ਮੈਂ ਹੈਰਾਨੀ ਨਾਲ ਪੁੱਛਦਾ- 'ਬਾਬਾ ਕੀ ਪਰੀ...

'ਹਾਂ ਸੋਹਣਿਆ!' ਬਜ਼ੁਰਗ ਹੱਸਕੇ ਕਹਿੰਦਾ- 'ਇਹ ਗੱਲ ਠੀਕ ਐ!'

'ਕੀ ਤੁਸੀਂ ਦੇਖੀ ਐ?'

'ਕਈਆਂ ਨੇ ਦੇਖੀ ਐ!' ਬਜ਼ੁਰਗ ਦੂਰ ਤੱਕ ਰਹਿਸਪੂਰਣ ਢੰਗ ਨਾਲ ਦੇਖਕੇ ਜਵਾਬ ਦਿੰਦਾ, '...ਤੇ, ਅਸੀਂ ਉਹਦੇ ਨਾਲ ਗੱਲਾਂ ਵੀ ਕਰਿਆ ਕਰਦੇ ਸਾਂ!, ਮੈਨੂੰ ਹੋਰ ਵੀ ਹੈਰਾਨੀ ਹੁੰਦੀ....

ਬਜ਼ੁਰਗ ਦੀ ਗੱਲ ਜਾਰੀ ਰਹਿੰਦੀ- 'ਉਸ ਨੂੰ ਦੇਖਕੇ ਬੱਚੇ ਬੜੇ ਖੁਸ਼ ਹੁੰਦੇ, ਤੇ ਕਈ ਵਾਰ ਕੋਈ ਬੱਚਾ ਉਹਨੂੰ ਪੁੱਛਦਾ- ਨੀ ਪਰੀਏ! ਤੂੰ ਕਿੱਥੇ ਰਹਿੰਦੀ ਏਂ?'

'ਤੇ ਫੇਰ ਬਾਬਾ?'

'ਸਵਰਗ ਵਿਚ!' ਪਰੀ ਕਹਿੰਦੀ ਤਾਂ ਬੱਚੇ ਪੁੱਛਦੇ- 'ਸਵਰਗ ਕਿਥੇ ਐ?'

ਪਰੀ ਮੁਸਕਰਾਕੇ ਪੁੱਛਦੀ- 'ਤੁਹਾਨੂੰ ਨਹੀਂ ਪਤਾ?'

'ਨਹੀਂ ਪਤਾ, ਤੂੰ ਦੱਸ ਦੇ....'

'ਜਿਥੇ ਮੈਂ ਰਹਿੰਦੀ ਹਾਂ, ਉਹੋ ਹੀ ਸਵਰਗ ਹੈ....'

'ਪਰ ਉਹ ਹੈ ਕਿੱਥੇ?' ਬੱਚੇ ਫੇਰ ਉਤਾਵਲੇਪਨ ਨਾਲ ਪੁੱਛਦੇ ਤਾਂ ਪਰੀ ਕਹਿੰਦੀ- 'ਨੇੜੇ ਹੀ ਹੈ!' ਕੋਈ ਹੋਰ ਮੱਸਫੁੱਟਾ ਬੱਚਾ ਪੁੱਛਦਾ- 'ਤੇ ਤੂੰ ਕਿਹਦੇ ਨਾਲ ਵਿਆਹ ਕਰੇਂਗੀ?'

ਪਰੀ ਚੁੱਪ ਜਿਹੀ ਰਹਿ ਜਾਂਦੀ ਤਾਂ ਕਈ ਬੱਚੇ ਇਕੱਠੇ ਬੋਲ ਪੈਂਦੇ- 'ਬੋਲ ਹੁਣ!'

'ਜਿਹੜਾ ਪੜ੍ਹ ਲਿਖਕੇ ਵੱਡਾ ਬੰਦਾ ਬਣੇਗਾ!' ਪਰੀ ਹੱਸਕੇ ਕਹਿੰਦੀ, ਅਤੇ ਪਤਾ ਨਹੀਂ ਕਿਧਰ ਚਲੀ ਜਾਂਦੀ। ਉਹ ਬਹੁਤ ਹੀ ਸੁੰਦਰ ਸੀ। ਬੱਚੇ ਉਸ ਦੀ ਸੁੰਦਰਤਾ ਤੋਂ ਬਹੁਤ ਪ੍ਰਭਾਵਿਤ ਹੁੰਦੇ ਸਨ, ਪਰ ਉਹ ਪਰੀ ਨੂੰ ਹੱਥ ਲਾਉਣੋਂ ਤ੍ਰਹਿੰਦੇ ਸਨ। ਪਰ ਉਹਦੀ ਸੁੰਦਰਤਾ ਆਪਣਾ ਪ੍ਰਭਾਵ ਜ਼ਰੂਰ ਪਾਉਂਦੀ ਸੀ। ਪਰੀ ਦੀਆਂ ਗੱਲਾਂ ਮਨ ਤਨ ਨੂੰ ਰੁਮਾਂਸ ਨਾਲ ਭਰ ਦਿੰਦੀਆਂ ਸਨ।

ਪਿਤਾ ਜੀ ਰਾਤ ਦੇ ਖਾਣੇ ਵੇਲੇ ਦੋ ਪੈਗ ਲਾਉਣ ਦੇ ਆਦੀ ਸਨ। ਉਸ ਵੇਲੇ ਮੈਂ ਉਨ੍ਹਾਂ ਨਾਲ ਪਰੀ ਦਾ ਪ੍ਰਸੰਗ ਸ਼ੁਰੂ ਕਰਦਾ ਤਾਂ ਉਹ ਕਹਿੰਦੇ- 'ਅਸੀਂ ਉਸ ਦੀਆਂ ਗੱਲਾਂ ਹੀ ਸੁਣੀਆਂ ਸਨ, ਕਦੀ ਉਹਨੂੰ ਦੇਖਿਆ ਨਹੀਂ ਸੀ......'

ਮੈਂ ਫੇਰ ਪੁੱਛਦਾ- 'ਤਾਂ ਕੀ ਕਿਸੇ ਨੇ ਉਹਨੂੰ ਦੇਖਿਆ ਵੀ ਸੀ?'

'ਹੋ ਸਕਦੈ।' ਉਹ ਸੰਖੇਪ 'ਚ ਜਵਾਬ ਦਿੰਦੇ- 'ਜਿਹੜੇ ਲੋਕ ਉਸ ਦੀਆਂ ਗੱਲਾਂ ਕਰਦੇ ਸਨ'

'ਤਦ ਕੀ ਚਸ਼ਮਾ...... ?'

'ਚਸ਼ਮਾ ਬਹੁਤ ਸਾਫ਼ ਸੁਥਰਾ ਸੀ। ਉਸ ਵਿਚ ਕਿਧਰੋਂ ਪਾਤਾਲ ਵਿਚੋਂ ਪਾਣੀ ਆਉਂਦਾ ਸੀ... ਪਾਣੀ ਮਿੱਠਾ ਤੇ ਠੰਢਾ ਵੀ ਬਹੁਤ ਸੀ......'

ਪਿਤਾ ਜੀ ਲੋਰ 'ਚ ਕਹਿੰਦੇ ਤੇ ਦੂਰ ਤਕ ਕਿਧਰੇ ਬੀਤੇ ਦੇ ਹਨੇਰੇ 'ਚ ਤੱਕਣ ਲੱਗ ਪੈਂਦੇ!

ਮੈਂ ਕਈ ਥਾਵਾਂ ਤੇ ਪੜ੍ਹਿਆ ਸੀ ਕਿ ਪਰੀਆਂ ਚਸ਼ਮਿਆਂ



Sri Satguru Jagjit Singh Ji eLibrary NamdhariElibrary@gmail.com

ਕੋਲ ਰਹਿੰਦੀਆਂ ਸਨ। ਇਹ ਹਕੀਕਤ ਹੋ ਸਕਦੀ ਹੈ। ਹਾਂ, ਪਿੰਡ ਵਿਚ ਕਿਸੇ ਗਭਰੂ ਦਾ ਵਿਆਹ ਹੁੰਦਾ ਤਾਂ ਉਸ ਦੀ ਵਹੁਟੀ ਨੂੰ ਦੇਖਕੇ ਵੀ ਬੱਚੇ ਕਹਿੰਦੇ- 'ਪਰੀ ਐ, ਨਿਰੀ ਪਰੀ...'

ਕਿਹੀ ਸਮਾਨਤਾ ਸੀ! ਮੱਸ ਫੁੱਟੇ ਕਿਸ਼ੋਰ ਅਵਸਥਾ 'ਚ ਪੁੱਜੇ ਹੋਏ ਦੂਜਿਆਂ ਦੀਆਂ ਵਹੁਟੀਆਂ ਨੂੰ ਹਸਰਤ ਨਾਲ ਦੇਖਦੇ, ਤੇ ਕਲਪਨਾ 'ਚ ਹੀ ਪਰੀ ਨਾਲ ਵਿਆਹ ਕਰਨ ਬਾਰੇ ਸੋਚਦੇ। ਉਸ ਵੇਲੇ ਉਨ੍ਹਾਂ ਨੂੰ ਪਰੀ ਦੀ ਸ਼ਰਤ ਚੇਤੇ ਆਉਂਦੀ- 'ਜਿਹੜਾ ਪੜ੍ਹ-ਲਿਖਕੇ ਵੱਡਾ ਬੰਦਾ ਬਣੇਗਾ....... ਮੈਂ ਉਸ ਨਾਲ ਵਿਆਹ ਕਰਾਂਗੀ.......'

ਅਤੇ ਪਰੀ ਦੀ ਸ਼ਰਤ ਪੂਰੀ ਕਰਨ ਲਈ ਵੱਡੇ ਬੱਚੇ ਪੜ੍ਹਾਈ ਵਿਚ ਜੁਟ ਜਾਂਦੇ। ਉਨ੍ਹਾਂ ਨੂੰ ਅਕਸਰ ਮਹਿਸੂਸ ਹੁੰਦਾ ਜਿਵੇਂ ਪਰੀ ਉਨ੍ਹਾਂ ਦੇ ਕੋਲ ਖਲੋਤੀ ਸਾਹ ਲੈ ਰਹੀ ਹੋਵੇ। ਉਹਦੀ ਮੁਸਕਰਾਹਟ ਵੀ ਉਹ ਦੇਖਦੇ....... ਤੇ ਖੂਬ ਮਿਹਨਤ ਕਰਦੇ..... ਪਰੀ ਦੀ ਖਾਤਿਰ......। ਪੜ੍ਹ ਲਿਖਕੇ ਉਨ੍ਹਾਂ ਨੂੰ ਚੰਗੀ ਨੌਕਰੀ ਮਿਲ ਜਾਂਦੀ ਅਤੇ ਫੇਰ ਵਿਆਹ ਹੋ ਜਾਂਦਾ। ਪਰੀ ਉਨ੍ਹਾਂ ਦੀ ਕਲਪਨਾ ਵਿਚੋਂ ਹੀ ਨਿਕਲ ਜਾਂਦੀ। ਕਈ ਮੁਸਕਰਾਕੇ ਇਹ ਵੀ ਸੋਚਦੇ ਕਿ ਪਰੀ ਵਰਗੀ ਵਹੁਟੀ ਹੀ ਉਹੋ ਪਰੀ ਹੈ.... ਤੇ ਇਹ ਪੜ੍ਹੇ ਲਿਖੇ ਬਗੈਰ ਨਹੀਂ ਸੀ ਮਿਲ ਸਕਣੀ। ਕਈ ਗਭਰੂ ਆਪਣੀਆਂ ਵਹੁਟੀਆਂ ਨੂੰ ਵਿਆਹ ਦੀਆਂ ਪਹਿਲੀਆਂ ਰਾਤਾਂ 'ਚ ਪਰੀ ਦੀ ਕਲਪਨਾ ਵਾਲੀ ਕਥਾ ਸੁਣਾਉਂਦੇ ਤਾਂ ਵਹੁਟੀਆਂ ਸ਼ਰਮੀਲਾ ਹਾਸਾ ਹੱਸਦੀਆਂ ਹੋਈਆਂ ਬਿਲਕੁਲ ਪਰੀਆਂ ਹੀ ਲਗਦੀਆਂ।

ਸਾਡੇ ਪਿੰਡ ਦੇ ਬਹੁਤੇ ਲੋਕ ਭਾਰਤੀ ਰੇਲਵੇ ਦੇ ਪੁਲ ਵਿਭਾਗ ਵਿਚ ਬੜੇ ਪ੍ਰਵੀਨ ਕਾਰੀਗਰ ਹੋਏ ਹਨ। ਉਨ੍ਹਾਂ ਨੇ ਦੇਸ਼ ਦੇ ਵਧ ਤੋਂ ਵਧ ਪੁਲ ਬਣਾ ਕੇ ਉਸਾਰੀ ਦੇ ਕੰਮ ਵਿਚ ਹਿੱਸਾ ਪਾਇਆ ਹੈ। ਉਹ ਬੜੇ ਮਿਹਨਤੀ ਅਤੇ ਹਠੀਲੇ ਲੋਕ ਸਨ। ਜਦੋਂ ਵੀ ਉਹ ਲੋਕ ਦੇਸ਼ ਦੇ ਕਿਸੇ ਹਿੱਸੇ ਵਿਚ ਜਾਂਦੇ ਤਾਂ ਉਥੋਂ ਦੇ ਲੋਕ ਗਦਗਦ ਹੋਕੇ ਕਹਿੰਦੇ- 'ਇਹੋ ਹੀ ਉਹ ਸਿਦਕੀ ਲੋਕ ਨੇ ਜਿਨ੍ਹਾਂ ਨੇ ਸਾਡੇ ਖੇਤਰ ਦੇ ਪੁਲ ਬਣਾਏ ਸਨ!'

ਉਸ ਵੇਲੇ ਪੁਲਾਂ ਦੇ ਉਹ ਕਾਰੀਗਰ ਆਪਣੇ ਬਚਪਨ ਦੇ ਉਨਾ ਦਿਨਾਂ ਨੂੰ ਚੇਤ ਕਰਦੇ ਜਦੋਂ ਉਨ੍ਹਾਂ ਨੇ ਪਿੰਡ ਦੇ ਚਸ਼ਮੇ ਕੋਲ ਇਕ ਪਰੀ ਦੇਖੀ ਸੀ, ਅਤੇ ਜਿਸ ਨੇ ਕਿਹਾ ਸੀ- 'ਮੈਂ ਉਸ ਨਾਲ ਵਿਆਹ ਕਰਾਂਗੀ, ਜਿਹੜਾ ਪੜ੍ਹ ਲਿਖਕੇ ਵੱਡਾ ਬਣੇਗਾ!'

ਮੇਰੇ ਪਿਤਾ ਜੀ ਮੈਨੂੰ ਜਦੋਂ ਵੀ ਪਿੰਡ ਦੇ ਉਸ ਚਸ਼ਮੇ, ਪਰੀ ਅਤੇ ਉਸ ਨਾਲ ਵਿਆਹ ਕਰਨ ਦੀ ਸ਼ਰਤ ਬਾਰੇ ਦੱਸਦੇ, ਤਾਂ ਹੱਸ ਪੈਂਦੇ। ਪਰ ਮੈਨੂੰ ਸਮਝ ਨਾ ਆਉਂਦੀ ਕਿ ਉਹ ਹੱਸਕੇ ਇਹ ਕਿਉਂ ਕਹਿੰਦੇ ਸਨ-- 'ਉਸ ਪਰੀ ਨੇ ਅਸਾਂ ਲੋਕਾਂ ਵਿਚ ਪੜ੍ਹ ਲਿਖਕੇ ਵਧੀਆ ਕੰਮ ਕਰਨ ਦੀ ਲਗਨ ਲਾ ਦਿੱਤੀ ਸੀ!'

ਮੈਂ ਹੈਰਾਨੀ ਨਾਲ ਉਨ੍ਹਾਂ ਵੱਲ ਤਕਦਾ ਤਾਂ ਉਹ ਮੁਸਕਰਾਕੇ ਪੁੱਛਦੇ- 'ਨਹੀਂ ਸਮਝਿਆ ?'

ਮੈਂ ਮੂਰਖਾਂ ਵਾਂਗ ਨਾਂਹ 'ਚ ਸਿਰ ਹਿਲਾਉਂਦਾ ... ਤਦ ਉਹ ਮੇਰੀ ਕੰਡ ਪਲੋਸਦੇ ਹੋਏ ਆਪਣੀ ਗੱਲ ਦੀ ਵਿਆਖਿਆ ਕਰਕੇ ਕਹਿੰਦੇ- 'ਜਦੋਂ ਵੀ ਅਸੀਂ ਚਸ਼ਮੇ ਵਲ ਜਾਂਦੇ ਤਾਂ ਸਾਨੂੰ ਉਹ ਪਰੀ ਉਥੇ ਧੁੰਦ 'ਚ ਲਿਪਟੀ ਹੋਈ ਦਿਸਦੀ...'

ਮੈਂ ਉਤਾਵਲੇਪਨ ਨਾਲ ਪੁੱਛਦਾ- 'ਤੇ ਹੁਣ ਉਹ ਕਿਥੇ ਐ?'

'ਪਤਾ ਨਹੀਂ......'

'ਕਦੀ ਤੁਸੀਂ ਪਿੰਡ ਨਹੀਂ ਗਏ ?'

'ਨਹੀਂ!' ਪਿਤਾ ਜੀ ਜਵਾਬ ਦਿੰਦੇ, ਅਤੇ ਦੂਰ ਕਿਤੇ ਬਚਪਨ ਦੀ ਮੋਹ ਭਰੀ ਦੁਨੀਆਂ 'ਚ ਜਾ ਪੁਜਦੇ। ਅਸੀਂ ਬੜੇ ਵਰ੍ਹਿਆਂ ਤੋਂ ਪਿੰਡੋਂ ਦੂਰ, ਰਾਜਧਾਨੀ ਦੇ ਸ਼ਹਿਰ 'ਚ ਰਹਿ ਰਹੇ ਸਾਂ, ਜਿਥੇ ਜ਼ਿੰਦਗੀ ਬਹੁਤ ਤਲਖ ਸੀ, ਬੇਲੋੜੀ ਰਫਤਾਰ ਭਰੀ ਸੀ ਅਤੇ ਜਾਬਰ ਤੇ ਬੇਕਿਰਕ ਸੀ। ਇਸ ਲਈ ਪਰੀ ਮੇਰੇ ਲਈ ਸਕੂਨ ਦਾ ਪ੍ਰਤੀਕ ਬਣ ਗਈ ਸੀ। ਕਈ ਵਾਰ ਮੈਂ ਝੱਲਿਆਂ ਵਾਂਗ ਪਿਤਾ ਜੀ ਨੂੰ ਪੁੱਛਦਾ- 'ਕੀ ਪਰੀ ਉਥੇ ਹੋਵੇਗੀ ?'

'ਕੌਣ ਜਾਣੇ!' ਉਹ ਬੜੇ ਵਿਰਕੱਤ ਭਾਵ ਨਾਲ ਕਹਿੰਦੇ। ਪਿਤਾ ਜੀ ਵਿਚ ਕੰਮ ਕਰਨ ਦੀ ਬਹੁਤ ਲਗਨ ਸੀ, ਅਤੇ ਉਹ ਹਰ ਵੇਲੇ ਉਤਸ਼ਾਹ ਵਿਚ ਰਹਿੰਦੇ ਸਨ। ਉਨ੍ਹਾਂ ਦਾ ਜੀਵਨ ਇਸੇ ਉਤਸ਼ਾਹ ਵਿਚ ਬੀਤਿਆ ਸੀ। ..... ਪਰ ਇਹ ਸੱਚ ਹੈ ਕਿ ਉਨ੍ਹਾਂ ਦੇ ਜੀਉਂਦੇ ਜੀਅ ਮੈਂ ਉਨ੍ਹਾਂ ਦੇ ਨਾਲ ਆਪਣੇ ਪਿੰਡ ਜੌਹਲ ਨਾ ਜਾ ਸਕਿਆ, ਅਤੇ ਉਨ੍ਹਾਂ ਦੀ ਮੌਤ ਹੋ ਗਈ......। ਜਦੋਂ ਪਿਤਾ ਜੀ ਦੀ ਮੌਤ ਹੋਈ, ਉਹ ਇਕ ਪੁਲ 'ਤੇ ਹੀ ਕੰਮ ਕਰ ਰਹੇ ਸਨ। ਉਨ੍ਹਾਂ ਦੇ ਸਾਥੀਆਂ ਨੇ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਮੁੱਖ ਤੋਂ ਅੰਤਿਮ ਸ਼ਬਦ ਇਹੋ ਹੀ ਨਿਕਲੇ ਸਨ- 'ਮੈਂ ਕੋਈ ਭੈੜਾ ਮਿਸਤਰੀ ਤਾਂ ਨਹੀਂ ਸਾਬਿਤ ਹੋਇਆ!'

ਮੈਂ ਸੋਚਦਾ ਸਾਂ- 'ਇਸ ਤਰ੍ਹਾਂ ਦੀ ਗੱਲ ਆਪਣੇ ਘਰ ਤੇ ਦੇਸ਼ ਨੂੰ ਪਿਆਰ ਕਰਨ ਵਾਲਾ ਕੋਈ ਸਿਦਕੀ ਬੰਦਾ ਹੀ ਕਹਿ ਸਕਦੈ!' ਇਹ ਗੱਲ ਸੋਚਕੇ ਮੈਨੂੰ ਪਿੰਡ ਦੇ ਪਾਣੀ ਵਾਲੇ ਚਸ਼ਮੇ ਦਾ ਵੀ ਚੇਤਾ ਆਉਂਦਾ ਸੀ..।


Sri Satguru Jagjit Singh Ji eLibrary NamdhariElibrary@gmail.com

ਉਦੋਂ ਹੀ ਪਿੰਡ ਦੇ ਕੁਝ ਰਿਸ਼ਤੇਦਾਰਾਂ/ਸ਼ਰੀਰਾਂ ਨੇ ਮੈਨੂੰ ਖ਼ਤ ਲਿਖਿਆ ਸੀ- 'ਤੂੰ ਪਿੰਡ ਆ, ਅਸੀਂ ਤੇਰੇ ਨਾਲ ਤੇਰੇ ਪਿਤਾ ਦੀ ਪ੍ਰਚੌਨੀ ਕਰਕੇ ਦਿਲ ਹੌਲਾ ਕਰਨਾ ਚਾਹੁੰਦੇ ਹਾਂ!'

'ਤੂੰ ਇਕ ਵਾਰ ਪਿੰਡ ਜਾ ਆ ....... ਫੇਰ ਮੈਂ ਵੀ ਜਾਵਾਂਗੀ।' ਮਾਤਾ ਨੇ ਮੈਨੂੰ ਉਦਾਸੀ ਨਾਲ ਕਿਹਾ ਸੀ- 'ਉਸ ਧਰਤੀ ਦਾ ਵੀ ਸਾਡੇ 'ਤੇ ਹੱਕ ਐ!' ਪਿਤਾ ਜੀ ਦੀ ਮੌਤ ਮਗਰੋਂ ਜਦੋਂ ਮੈਂ ਪਿੰਡ ਗਿਆ ਤਾਂ ਮੇਰੇ ਮਨ 'ਚ ਚਸ਼ਮੇ ਨੂੰ ਦੇਖਣ ਦੀ ਵੀ ਉਤਸੁਕਤਾ ਸੀ। ਆਪਣੇ ਚਾਚਿਆਂ ਤੇ ਚਾਚੀਆਂ ਨਾਲ ਬਹਿ ਕੇ ਦਿਲ ਹੌਲਾ ਕਰ ਲਿਆ ਤਾਂ ਮੈਨੂੰ ਫੇਰ ਚਸ਼ਮੇ ਦਾ ਖਿਆਲ ਆਇਆ। ਪਰ ਮੈਨੂੰ ਇਹ ਜਾਣਕੇ ਬਹੁਤ ਅਫਸੋਸ ਹੋਇਆ ਕਿ ਠੰਡੇ ਤੇ ਮਿੱਠੇ ਕੁਦਰਤੀ ਪਾਣੀ ਦਾ ਉਹ ਚਸ਼ਮਾ ਚਿਰੋਕਣਾ ਸੁੱਕ ਗਿਆ ਸੀ, ਤੇ ਉਥੇ ਉਹ ਪਰੀ ਕਿੱਧਰੇ ਨਹੀਂ ਸੀ, ਜਿਵੇਂ ਉਹ, ਕੋਈ ਭੁਲਾਵਾ ਹੀ ਹੋਵੇ! ਪਿੱਪਲ ਵਾਲੇ ਥੜ੍ਹੇ 'ਤੇ ਬੈਠੇ ਕੁਝ ਬਜ਼ੁਰਗਾਂ ਤੋਂ ਪਤਾ ਲੱਗਾ ਕਿ ਪਿੰਡ ਦੇ ਲੋਕ ਰੱਜਕੇ ਸ਼ਰਾਬ ਪੀਂਦੇ ਤੇ ਆਪਸ 'ਚ ਦੰਗਾ ਕਰਦੇ ਸਨ। ਕਈ ਮੁਕੱਦਮੇ ਚੱਲ ਰਹੇ ਸਨ। ਪੜ੍ਹਨ ਵਿਚ ਕਿਸੇ ਬੱਚੇ ਦਾ ਦਿਲ ਨਹੀਂ ਸੀ ਲੱਗਦਾ। ਸਗੋਂ ਬੱਚੇ ਆਵਾਰਾ ਹੋ ਰਹੇ ਸਨ। ਉਨ੍ਹਾਂ ਦੇ ਮਾਪੇ ਉਨ੍ਹਾਂ ਤੋਂ ਡਾਢੇ ਦੁਖੀ ਸਨ। ਮੇਰਾ ਮਨ ਵੀ ਦੁਖੀ ਹੋ ਗਿਆ। ਉਥੇ ਮੈਂ ਇਕ ਬਜ਼ੁਰਗ ਨੂੰ ਪੁੱਛਿਆ- 'ਬਾਬਾ, ਉਹ ਪਾਣੀ ਦਾ ਚਸ਼ਮਾ ਕਿਉਂ ਸੁੱਕ ਗਿਆ ?'

ਉਹਨੇ ਗਹੁ ਨਾਲ ਮੇਰੇ ਵਲ ਤੱਕਿਆ, ਫੇਰ ਆਪਣੇ ਅੰਦਰ ਹੀ ਕਿਧਰੇ ਥੱਲੇ ਤੱਕ ਲਹਿ ਗਿਆ। ਪਰ ਫੇਰ ਛੇਤੀ ਹੀ ਪਰਤਕੇ, ਕਾਇਮ ਹੋ ਕੇ ਬੋਲਿਆ- 'ਪਰ ਉਹ ਤਾਂ ਬਹੁਤ ਪੁਰਾਣੀ ਗੱਲ ਐ ਗੱਭਰੂਆ।'

'ਫੇਰ ਵੀ ਦੱਸੋ ਤਾਂ ਸਹੀ ........' ਮੈਂ ਫੇਰ ਪੁੱਛਿਆ ਤਾਂ ਉਹ ਉਦਾਸੀ ਨਾਲ, ਕੋਈ ਭੇਤ ਦੱਸਣ ਵਾਂਗ ਬੋਲਿਆ- 'ਚਸ਼ਮੇ ਦਾ ਠੰਡਾ ਮਿੱਠਾ ਪਾਣੀ ਪੀਣ ਲਈ ਸੀ... ਪਰ ਫੇਰ ਗਭਰੂ ਉਸ 'ਚ ਨਹਾਉਣ ਲੱਗ ਪਏ, ਪਿੰਡ ਦੀਆਂ ਜ਼ਨਾਨੀਆਂ ਵੀ ਕੱਪੜੇ ਧੋਣ ਤੇ ਨਹਾਉਣ ਲੱਗ ਪਈਆਂ। ਉਨ੍ਹਾਂ ਨੂੰ ਬੜਾ ਰੋਕਿਆ ਬਈ ਘਰੀਂ ਨਹਾਇਆ ਕਰੋ। ਖੁੱਲ੍ਹੇ 'ਚ ਨੰਗੇਜ ਚੰਗਾ ਨਹੀਂ ਲੱਗਦਾ......'

'ਤੇ ਫੇਰ ਬਾਬਾ ?'

'ਫੇਰ ਮਰਦਾਂ ਨੇ ਚਸ਼ਮੇ 'ਚ ਡੰਗਰ ਵਾੜ ਦਿੱਤੇ..... ਅਖੇ..'

'ਤੇ ਫੇਰ ?'

ਉਹਨੇ ਮੈਨੂੰ ਘੂਰਿਆ, ਤੇ ਪਛਾਨਣ ਦਾ ਯਤਨ ਕਰਕੇ ਪੁੱਛਿਆ- 'ਤੂੰ ਮਿਸਤਰੀ ਮੀਹਾਂ ਸਿੰਘ ਦਾ ਪੁੱਤ ਏਂ ?'

ਮੈਂ ਨਿਮਰਤਾ ਨਾਲ ਹਾਂ 'ਚ ਸਿਰ ਹਿਲਾਇਆ ਤਾਂ ਉਹਨੇ ਫੇਰ ਕਿਹਾ- 'ਉਹ ਵੱਡਾ ਕਾਰੀਗਰ ਸੀ......' ਅਤੇ ਮੇਰੇ ਨਾਲ ਅਫਸੋਸ ਕਰਨ ਲੱਗ ਪਿਆ। ਉਹਦੀਆਂ ਅੱਖਾਂ 'ਚੋਂ ਹੰਝੂ ਵੀ ਡਿੱਗੇ- 'ਉਹਨੇ ਪਿੰਡ ਦਾ ਬੜਾ ਮਾਣ ਵਧਾਇਐ......'

ਮੈਂ ਫੇਰ ਪੁੱਛਿਆ- 'ਪਰ ਬਾਬਾ ਜੀ...... ਚਸ਼ਮਾ ?... ਉਹਦਾ ਕੀ ਬਣਿਆ ?'

ਉਹ ਜਿਵੇਂ ਰੋਣ ਲੱਗ ਪਿਆ ਹੋਵੇ- 'ਲੋਕ ਹੁਣ ਉਸ ਚਸ਼ਮੇ ਦੇ ਪਾਣੀ ਦੀ ਵਰਤੋਂ ਨਹੀਂ ਸਨ ਕਰਦੇ, ਅਤੇ ਪਸ਼ੂ ਉਸਨੂੰ ਗੰਦਾ ਕਰ ਦਿੰਦੇ ਸਨ। ਫੇਰ ਡੰਗਰ ਹਰ ਵੇਲੇ ਉਹਦੇ 'ਚ ਲਿਟਣ ਲੱਗ ਪਏ ?

'ਅਤੇ ਉਹ ਪਰੀ...... ਉਹਦਾ ਕੀ ਹੋਇਆ ?' ਮੈਂ ਫੇਰ ਪੁੱਛਿਆ ਤਾਂ ਉਹਨੇ ਕਿਹਾ- 'ਪਰੀ ਸਵਰਗ 'ਚ ਜਾਂ ਸਾਫ ਪਾਣੀ ਕੋਲ ਰਹਿੰਦੀ ਹੈ ...'

'ਪਰ ਉਹ ਪਰੀ ਗਈ ਕਿਥੇ ?'

'ਜਦੋਂ ਸ਼ੁਧ ਪਾਣੀ ਹੀ ਸੁੱਕ ਗਿਆ ਚਸ਼ਮੇ ਦਾ ਤਾਂ ਫੇਰ ?'

'ਕੀ ਉਹ ਸੱਚ ਸੀ ਕਿ ਕਲਪਨਾ ਹੀ ਸੀ ?'

'ਹੁਣ ਕੀ ਫਰਕ ਪੈਂਦੈ.......'

'ਤੇ ਬੱਚੇ ਜਿਹੜੇ ਆਵਾਰਾ ਹੋ ਰਹੇ ਨੇ ?'

'ਉਨ੍ਹਾਂ ਲਈ ਹੁਣ ਕੋਈ ਚੰਗੀ ਪ੍ਰੇਰਣਾ ਨਹੀਂ ਰਹੀ....'

'ਤੇ ਰੱਬ ?'

'ਰੱਬ ਨੇ ਕੀ ਕਰਨਾ ? ਸਭ ਕੁਝ ਬੰਦੇ ਨੂੰ ਆਪ ਹੀ ਕਰਨਾ ਪੈਂਦੈ....... ਬਜ਼ੁਰਗ ਨੇ ਡਾਢੀ ਉਦਾਸੀ ਨਾਲ ਕਿਹਾ, ਤੇ ਚੁੱਪ ਕਰ ਗਿਆ..........

'ਤਾਂ ਉਹ ਚਸ਼ਮਾ ਨਹੀਂ ਸੀ ਸੁੱਕਣਾ ਚਾਹੀਦਾ!' ਮੈਂ ਕਹਿਣਾ ਚਾਹੁੰਦਾ ਸਾਂ- 'ਕਿਉਂਕਿ ਉਹਦੇ ਨਾਲ ਪਰੀ ਦੀ ਪ੍ਰੇਰਣਾ ਜੁੜੀ ਹੋਈ ਸੀ...

ਪਰ ਸ਼ਾਇਦ ਇਹ ਗੱਲ ਏਨੀ ਸੌਖੀ ਨਹੀਂ ਸੀ, ਜਿਵੇਂ ਮੈਂ ਸੋਚ ਰਿਹਾ ਸਾਂ........

ਜਦੋਂ ਮੈਂ ਉਥੋਂ, ਪਿੱਪਲ ਵਾਲੇ ਥੜ੍ਹੇ ਕੋਲੋਂ ਉਠਕੇ ਟੁਰਨ ਲੱਗਾ ਤਾਂ ਉਸ ਬਜ਼ੁਰਗ ਨੇ ਮੇਰੀ ਕੰਡ ਪਲੋਸਕੇ ਕਿਹਾ- 'ਤੂੰ ਤਾਂ ਪਿੰਡੋਂ ਦੂਰ, ਵੱਡੇ ਸ਼ਹਿਰ 'ਚ ਰਹਿੰਦਾ ਏ, ਤੈਨੂੰ ਤਾਂ ਪਤਾ ਹੀ ਹੋਣਾ ਏ ਕਿ ਅਕਲ ਫਿਕਰ ਦੇ ਚਸ਼ਮੇ ਵਰਤੋਂ ਵਿਚ ਆਉਂਦੇ ਰਹਿਣ, ਤਦੇ ਹੀ ਵਧਦੇ ਨੇ, ਨਹੀਂ ਤਾਂ ਸੁੱਕ ਜਾਂਦੇ ਨੇ.........'

✡



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

**Namdhari Sales**

10240/54, Library Road, Azad Market, Delhi-11006





Sri Satguru Jagjit Singh Ji eLibrary NamdhariElibrary@gmail.com

# ਬਚਿਤ੍ਰ ਨਾਟਕ—ਇਕ ਅਪੂਰਵ ਕ੍ਰਿਤੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਬਾਣੀ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਪਰ ਇਸ ਅਹਿਮ ਤੇ ਮਹਾਨ ਰਚਨਾ ਦਾ ਆਮ ਦਾ ਪ੍ਰਚਾਰ ਨਹੀਂ ਹੈ। ਇਸ ਵੱਡਮੁੱਲੇ ਸਾਹਿਤਕ ਅਤੇ ਇਤਿਹਾਸਕ ਖਜ਼ਾਨੇ ਨੂੰ ਲੋਕਾਂ ਤੱਕ ਪਹੁੰਚਾਣ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਅਸੀਂ ਯਤਨ ਕਰ ਰਹੇ ਹਾਂ ਕਿ ਸਮਝ ਆਉਣ ਵਾਲੇ ਢੰਗ ਨਾਲ ਇਸ ਨੂੰ ਪ੍ਰਸਤੁਤ ਕੀਤਾ ਜਾਵੇ।

ਪ੍ਰਿੰਸੀਪਲ ਬੇਅੰਤ ਕੌਰ ਦਿੱਲੀ ਵਲੋਂ ਲਿਖੀ ਪੁਸਤਕ "ਬਚਿੱਤਰ ਨਾਟਕ ਇਕ ਅਪੂਰਵ ਕ੍ਰਿਤੀ" ਵਿਜੈ ਪਬਲੀਕੇਸ਼ਨਜ਼ ਨਵੀਂ ਦਿੱਲੀ ਵਲੋਂ ਪ੍ਰਕਾਸ਼ਤ ਹੋਈ ਹੈ। ਦਸਮ ਗੁਰੂ ਜੀ ਦੀ ਇਸ ਰਚਨਾ "ਬਚਿਤ੍ਰ ਨਾਟਕ" ਨੂੰ ਅਸੀਂ ਵਰਿਆਮ ਦੇ ਪੰਨਿਆਂ ਤੇ ਲੜੀਵਾਰ ਛਾਪਣ ਦਾ ਆਹਰ ਪ੍ਰਿੰਸੀਪਲ ਬੇਅੰਤ ਕੌਰ ਜੀ ਦੀ ਆਗਿਆ ਅਤੇ ਧੰਨਵਾਦ ਨਾਲ ਪਿਛਲੇ ਅੰਕ ਤੋਂ ਕਰ ਚੁੱਕੇ ਹਾਂ। ਇਸ ਵਾਰ ਡਾ. ਜੋਧ ਸਿੰਘ ਦੁਆਰਾ ਲਿਖੀ ਇਸ ਪੁਸਤਕ ਦੀ ਉਥਾਨਕਾ ਤੋਂ ਬਾਦ ਬਚਿੱਤ੍ਰ ਨਾਟਕ ਦਾ ਮੂਲ ਪਾਠ ਅਤੇ ਸ਼ਬਦਾਰਥ ਪ੍ਰਕਾਸ਼ਤ ਕਰ ਰਹੇ ਹਾਂ।

-ਸੰਪਾਦਕ ਵਰਿਆਮ

## ਉਥਾਨਕਾ

ਵੀਹਵੀਂ ਸਦੀ ਦਾ ਇਹ ਅਖੀਰਲਾ ਵਰ੍ਹਾ ਸਿੱਖ ਇਤਿਹਾਸ ਵਿਚ ਇਕ ਵਿਚਿਤਰਤਾ ਭਰਪੂਰ ਵਰ੍ਹਾ ਹੋਣਾ ਸੀ ਅਤੇ ਇਸ ਵਿਚ ਪੂਰੀਆਂ ਉਮੀਦਾਂ ਸਨ ਕਿ ਮੌਜੂਦਾ ਸਿੱਖ ਜਗਤ ਆਪਣੇ ਆਪ ਨੂੰ ਵੱਡੇ ਕਰਮਾਂ ਵਾਲਾ ਮੰਨਦਾ ਹੋਇਆ ਉਸ ਦਸ਼ਮੇਸ਼ ਪਿਤਾ ਦਾ ਧੰਨਵਾਦੀ ਹੋਵੇਗਾ ਅਤੇ ਉਸਦੇ ਪਾਏ ਪੂਰਨਿਆਂ ਤੇ ਚੱਲਣ ਦਾ ਪ੍ਰਣ ਕਰਕੇ ਉਸਦੇ ਸੰਦੇਸ਼ ਨੂੰ ਜੀਵਨ ਵਿਚ ਉਤਾਰਨ ਦਾ ਹੰਭਲਾ ਮਾਰਨ ਲਈ ਮਨੁੱਖ ਮਾਤਰ ਨੂੰ ਸਮੱਗਰੀ ਪ੍ਰਦਾਨ ਕਰੇਗਾ, ਉਦਾਹਰਨ ਪੇਸ਼ ਕਰੇਗਾ ਅਤੇ ਸਰਬੰਸਦਾਨੀ ਦੇ ਤਿਆਗ ਅਤੇ ਪੰਥ ਪ੍ਰਤੀ ਜ਼ਿੰਮੇਂਦਾਰੀ ਦੀ ਭਾਵਨਾ ਨੂੰ ਪੱਕੇ ਪੈਰੀਂ ਸਥਾਪਿਤ ਕਰੇਗਾ, ਪਰ ਪੰਥ ਦੇ ਵੇਖਦਿਆਂ ਹੀ ਪੰਥ ਵਿਚੋਂ ਹੀ ਇੱਕ ਵਿਚਿਤਰ ਮਨੋਬਿਰਤੀ ਅਜਿਹੀ ਜਮਾਤ ਪੈਦਾ ਹੋ ਗਈ ਜਿਸਨੂੰ ਖਾਲਸੇ ਦੇ ੩੦੦ਵੇਂ ਜਨਮ ਦਿਨ ਦੇ ਸੰਦਰਭ ਵਿਚ ਹਉਮੈ ਅਤੇ ਲੋਭ ਕਾਰਨ ਚਾਹੇ ਉਹ ਰਾਜਸੀ ਹੋਵੇ ਜਾਂ ਧਾਰਮਿਕ ਹਮੇਸ਼ਾ ਯਾਦ ਕੀਤਾ ਜਾਵੇਗਾ। ਇਹ ਉਹ ਖਿਡਾਰੀ ਹਨ ਜਿਹੜੇ ਦੂਜੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਟੀਮਾਂ ਨਾਲ ਮੈਚ ਖੇਡ ਕੇ ਉਨ੍ਹਾਂ ਨੂੰ ਅੱਗੇ ਅੱਗੇ ਲਾਉਣ ਦੀ ਬਜਾਇ ਆਪਣੀ ਹੀ 'ਡੀ' ਵਿਚ ਗੋਲ ਮਾਰੀ ਜਾ ਰਹੇ ਹਨ। ਸਿੱਖ ਧਾਰਮਿਕ ਅਸਥਾਨਾਂ ਦਾ ਪਵਿੱਤਰ ਪ੍ਰਾਚੀਨ ਰੂਪ ਕਿਧਰੇ ਨਹੀਂ ਰਹਿਣ ਦਿੱਤਾ ਗਿਆ, ਲੰਗਰ ਲਫ਼ਜ਼ ਦਾ ਭਾਵੇਂ 'ਲੰਚ' ਅਤੇ 'ਡਿਨਰ' ਵਾਸਤੇ ਪ੍ਰਯੋਗ ਕਰਕੇ ਇਸਦਾ ਅਰਥ-ਵਿਸਤਾਰ ਕਰ ਦਿੱਤਾ ਗਿਆ ਹੈ ਪਰ ਪੰਗਤ ਵਿਚ ਬੈਠ ਕੇ ਛਕਣ ਪਿੱਛੇ ਸਮਾਨਤਾ ਦੇ ਸਿਧਾਂਤ ਨੂੰ ਖੋਰਾ ਲੱਗਾ ਹੈ। ਇਸੇ ਤਰ੍ਹਾਂ ਹੀ ਕੀਰਤਨ ਅਤੇ ਪਾਠਾਂ ਦਾ ਪੂਰਾ ਵਪਾਰੀਕਰਣ ਹੋ ਚੁੱਕਾ ਹੈ ਅਤੇ ਬ੍ਰਾਹਮਣੀ ਰਹੁ ਰੀਤਾਂ ਪੂਰੇ ਜ਼ੋਰ ਸ਼ੋਰ ਨਾਲ ਸਿੱਖ ਧਾਰਮਿਕ ਕਾਰਜ ਵਿਚ ਭਾਰੂ ਹੋ ਉਠੀਆ ਹਨ। ਦੂਜੇ ਪਾਸੇ ਰਾਜਨੀਤੀ ਦਾ ਸਾਡਾ ਜਮ੍ਹਾ ਖਰਚ ਸਾਹਮਣੇ ਪ੍ਰਤੱਖ ਹੈ। ਇਸ ਵਚਿਤਰ ਸਥਿਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਬਚਿਤ੍ਰ ਨਾਟਕ' ਦੇ ਸੰਦਰਭ ਵਿਚ ਸਮਝਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ।

ਉਂਜ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਕੀ ਰਚਨਾਵਾਂ ਵਿੱਚ ਹੀ ਇੱਕ ਅਨੋਖਾਪਨ ਹੈ ਅਤੇ ਉਨ੍ਹਾਂ ਸਾਰੀਆਂ ਵਿਚ ਵੀ ਮੌਜੂਦਾ ਸਦੀ ਅਤੇ ਆਉਣ ਵਾਲੀ ਸਦੀ ਦੇ ਸੰਕਟਾਂ ਬਾਰੇ ਇੱਕ ਵਿਸ਼ੇਸ਼ ਦ੍ਰਿਸ਼ਟੀ ਪੇਸ਼ ਕੀਤੀ ਗਈ ਹੈ। ਜਿਸਨੂੰ ਉਪਰਲੀ ਨਜ਼ਰੇ ਨਾ ਪੜ੍ਹਕੇ ਉਸਦੇ ਸੰਦੇਸ਼ ਨੂੰ ਖੋਲ੍ਹਣ (decode ਕਰਨ) ਦੀ ਲੋੜ ਹੈ ਪਰ ਬਚਿਤ੍ਰ ਨਾਟਕ ਤਾਂ ਕਿਉਂਕਿ ਕੁੱਝ ਮੂਲ ਮੁੱਦਿਆਂ ਨੂੰ ਸਿੱਧਾ ਹੀ ਨਜਿੱਠਦਾ ਹੈ ਇਸੇ ਲਈ ਇਹ ਬਿਚਿਤ੍ਰ ਹੈ। ਭਾਰਤ ਦੇ ਹਜ਼ਾਰਾਂ ਸਾਲਾਂ ਦੇ ਸਾਹਿਤਕ-ਧਾਰਮਿਕ ਇਤਿਹਾਸ ਵਿਚ ਅਸੀਂ ਵੇਖਦੇ ਹਾਂ ਕਿ ਕਿਸੇ ਵੀ ਗ੍ਰੰਥ ਨੂੰ ਆਰੰਭ ਕਰਦੇ ਸਮੇਂ ਸਰਸਵਤੀ ਦੀ ਵੰਦਨਾ ਅਤੇ ਗਣੇਸ਼ ਦੀ ਪੂਜਾ ਕੀਤੀ ਜਾਂਦੀ ਰਹੀ ਹੈ। ਭਾਰਤੀ ਇਤਿਹਾਸ ਵਿਚ ਸਰਸਵਤੀ ਵਿੱਦਿਆ ਦੀ ਦੇਵੀ ਹੈ ਅਤੇ ਗਣੇਸ਼ ਵਿਘਨ-ਵਿਨਾਸ਼ਕ ਮੰਨਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਗ੍ਰੰਥ ਨੂੰ ਅਰੰਭ ਕਰਨ ਸਮੇਂ ਪਹਿਲੀ ਵਾਰ ਖੜਗ ਦੀ ਬੰਦਨਾ ਕਰਦੇ ਹਨ ਅਤੇ ਖੜਗ ਤੋਂ ਗ੍ਰੰਥ ਪੂਰਾ ਕਰਨ ਲਈ ਸਹਾਇਤਾ ਦੀ ਪ੍ਰਾਰਥਨਾ ਕਰਦੇ ਹਨ —

ਨਮਸਕਾਰ ਸ੍ਰੀ ਖੜਕ ਕੋ ਕਰੌ ਸੁ ਹਿਤੁ ਚਿਤੁ ਲਾਇ॥



Sri Satguru Jagjit Singh Ji eLibrary NamdhariElibrary@gmail.com

**ਪੂਰਨ ਕਰੋ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ॥**

ਇਸ ਦੇ ਨਾਲ ਹੀ ਸਵੈਯੇ ਵਿਚ ਖੜਗ ਨੂੰ ਪ੍ਰਮਾਤਮ-ਰੂਪ ਵਿਚ ਤਸੱਵਰ ਕਰਦੇ ਹੋਏ ਇਸ ਨੂੰ ਸੰਤਾਂ ਨੂੰ ਸੁਖ ਦੇਣ, ਦੁਰਮਤਿ ਦਾ ਨਾਸ ਕਰਨ ਅਤੇ ਕਈ ਕਿਸਮ ਦੇ ਸੰਤਾਪਾਂ ਨੂੰ ਨਾਸ ਕਰਨ ਵਾਲੀ ਮੰਨਿਆ ਗਿਆ ਹੈ। ਗ੍ਰੰਥ ਨਾਲ ਜੋੜ ਕੇ ਖੜਗ ਨੂੰ ਵੇਖਣਾ ਭਾਰਤ ਲਈ ਪਹਿਲਾ ਅਤੇ ਵਿਚਿਤਰ ਪ੍ਰਯੋਗ ਸੀ ਕਿਉਂਕਿ ਐਸੇ ਖੜਗਧਾਰੀ ਤੇ ਸ਼ਾਸਤ੍ਰਵੇਦਾ ਕਦੀ ਵੀ ਇਕੱਠੇ ਨਹੀਂ ਹੋ ਸਕੇ ਸਨ। ਖੜਗ ਚਲਾਉਣ ਵਾਲਿਆਂ ਦੀ ਵੱਖਰੀ ਪਰੰਪਰਾ ਅਤੇ ਸ਼੍ਰੇਣੀ ਸੀ ਅਤੇ ਏਸੇ ਹੀ ਤਰ੍ਹਾਂ ਸਾਸ਼ਤ੍ਰਾਰਥ ਕਰਨ ਵਾਲਿਆਂ ਦੀ ਸ਼੍ਰੇਣੀ ਵੱਖਰੀ ਸੀ। ਸ਼ਕਤੀ ਨੂੰ ਆਧਾਰ ਬਣਾ ਕੇ ਉਸ ਉਪਰ ਭਗਤੀ ਦਾ ਮਹਿਲ ਤਿਆਰ ਕਰਨਾ ਇਸ ਲਈ ਵੀ ਜ਼ਰੂਰੀ ਸੀ ਕਿਉਂਕਿ ਸ਼ਕਤੀਸ਼ਾਲੀ ਦਾ ਪ੍ਰੇਮ, ਸਮਾਨਤਾ ਅਤੇ ਭਾਈਚਾਰਾ ਕਿਸੇ ਨੂੰ ਆਕਰਸ਼ਿਤ ਨਹੀਂ ਕਰਦਾ ਅਤੇ ਨਾ ਹੀ ਉਹ ਸਮਾਜ ਲਈ ਬਹੁਤਾ ਲਾਹੇ-ਵੰਦਾ ਹੋ ਸਕਦਾ ਹੈ। ਭਾਰਤ ਵਿਚ ਇਕੱਲੀ ਭਗਤੀ ਭਾਵਨਾ ਵਾਲੇ ਤਾਂ ਲੱਖਾਂ ਸਾਧੂ ਸੰਨਿਆਸੀ ਰਿਸ਼ੀ ਮੁਨੀ ਹੋ ਗੁਜ਼ਰੇ ਸਨ ਪਰ ਜਦੋਂ ਵੀ ਹਮਲਾਵਰਾਂ ਦਾ ਕੋਈ ਛੋਟਾ ਜਿਹਾ ਟੋਲਾ ਵੀ ਚਾਹੁੰਦਾ, ਭਾਰਤ ਤੇ ਹਮਲਾ ਕਰਦਾ ਅਤੇ ਏਥੋਂ ਦੇ ਧਨ ਦੌਲਤ ਅਤੇ ਸੁੰਦਰਤਾ ਨੂੰ ਲੁੱਟ ਪੁੱਟ ਕੇ ਆਪਣੇ ਰਾਹ ਪੈਂਦਾ। ਖਿਮਾ ਭਾਵ ਵਾਲੇ ਸਾਧ ਸੰਤ ਜਾਂ ਤਾਂ ਆਤਮਾ ਅਤੇ ਬ੍ਰਹਮ ਦੀ ਏਕਤਾ ਸਿੱਧ ਕਰਨ ਵਿਚ ਹੀ ਲੀਨ ਰਹਿੰਦੇ ਜਾਂ ਸਾਸ਼ਤ੍ਰਾਰਥਾਂ ਨਾਲ ਇੱਕ ਦੂਜੇ ਦੇ ਮੋਢੇ ਲਾਉਣ ਦੇ ਆਹਰ ਵਿਚ ਲੱਗੇ ਰਹਿੰਦੇ। ਭਾਰਤ ਨੇ ਸੈਂਕੜੇ ਸਾਲਾਂ ਦੀ ਗੁਲਾਮੀ ਭੋਗੀ ਪਰ ਕਿਸੇ ਨੇ ਪ੍ਰੰਪਰਾ ਨੂੰ ਤੋੜਨ ਦਾ ਜਿਗਰਾ ਨਾ ਕੀਤਾ। ਬਚਿਤ੍ਰ ਨਾਟਕ ਵਿਚ ਪਹਿਲੀ ਵਾਰੀ ਇਹ ਠੋਸ ਅਤੇ ਵਿਚਿਤਰ ਪ੍ਰਯੋਗ ਕੀਤਾ ਗਿਆ ਜਿਸਦੀ ਸਫਲਤਾ ਨੇ ਖ਼ਾਲਸਾ ਸਿਰਜਨਾ ਵਿਚ ਪੂਰਾ ਯੋਗਦਾਨ ਪਾਇਆ, ਹਾਲਾਂਕਿ ਇਸ ਪ੍ਰਯੋਗ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸਦੀ ਪੂਰਨਤਾ ਅਤੇ ਸਿਖਰ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦਾ ਖ਼ਾਲਸਾ ਸੀ ਜਿਸਨੇ ਭਾਰਤ ਦੇ ਧਾਰਮਿਕ ਇਤਿਹਾਸ ਅਤੇ ਯੁੱਧ ਪ੍ਰਬੀਨਤਾ ਨੂੰ ਇਕ ਨਵੀਂ ਸੇਧ ਦਿੱਤੀ।

ਦੂਜੀ ਵਿਚਿਤਰ ਗੱਲ 'ਬਚਿਤ੍ਰ ਨਾਟਕ' ਦੀ ਇਹ ਹੈ ਕਿ ਇਸ ਵਿਚ ਦੇਵਤਿਆਂ ਅਤੇ ਰਾਖਸ਼ਸ਼ਾਂ ਦੀ ਸਦੀਵੀ ਸ਼ਖਸੀਅਤ ਬਾਰੇ ਇਕ ਵੱਡੇ ਭੁਲੇਖੇ ਨੂੰ ਕੱਢਿਆ ਗਿਆ ਹੈ। ਦੇਵੀ ਨੂੰ ਸਿੱਖ ਫਲਸਫੇ ਵਿੱਚ ਆਮ ਮਨੁੱਖਾਂ ਦੀ ਪੱਧਰ ਤੇ ਰੱਖਿਆ ਗਿਆ ਹੈ ਜਿਨ੍ਹਾਂ ਦੀ ਸਿਰਜਨਾ ਉਸ ਪਰਮ ਅਕਾਲ ਪੁਰਖ ਨੇ ਕੀਤੀ ਹੈ। ਇਹ ਸਦੀਵੀ ਹਸਤੀਆਂ ਨਹੀਂ ਸਨ। ਸਗੋਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ –

**ਸਾਧ ਕਰਮ ਜੇ ਪੁਰਖ ਕਮਾਵੈ।**
**ਨਾਮ ਦੇਵਤਾ ਜਗਤ ਕਹਾਵੈ।**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀ।**
**ਨਾਮ ਅਸੁਰ ਤਿਨ ਕੋ ਸਭ ਧਰਹੀ।**

—ਬਚਿਤ੍ਰ ਨਾਟਕ ੨, ੧੫

ਅਰਥਾਤ ਜਿਹੜਾ ਮਨੁੱਖ ਕਰਮ ਕਰਦਾ ਹੈ ਉਸ ਨੂੰ ਦੇਵਤਾ ਕਿਹਾ ਜਾਂਦਾ ਹੈ ਅਤੇ ਜਿਹੜਾ ਕੁਕਰਮ ਕਰਦਾ ਹੈ ਉਸਨੂੰ ਅਸੁਰ ਜਾਂ ਰਾਖਸ਼ਸ਼ ਕਿਹਾ ਜਾਂਦਾ ਹੈ। ਇਥੇ ਦੋ ਗੱਲਾਂ ਨਵੀਆਂ ਅਤੇ ਸਪੱਸ਼ਟ ਹਨ। ਪਹਿਲੀ ਤਾਂ ਇਹ ਕਿ ਕਰਮਾਂ ਦੇ ਆਧਾਰ ਤੇ ਸਾਰੇ ਦੇਵਤਿਆਂ ਦੀਆਂ ਸ਼ਖਸੀਅਤਾਂ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੇ ਜਨਮ ਦੇ ਆਧਾਰ ਤੇ। ਦੂਜੀ ਗੱਲ ਇਹ ਹੈ ਕਿ ਇਸ ਸਿਧਾਂਤ ਅਨੁਸਾਰ ਕਿਸੇ ਨੂੰ ਵੀ ਚੰਗੇ ਕਰਮਾਂ ਦੇ ਆਧਾਰ ਤੇ ਦੇਵਤਾ ਮੰਨਿਆ ਜਾ ਸਕਦਾ ਹੈ ਅਤੇ ਕੋਈ ਵੀ ਦੇਵਤਾ ਕੁਕਰਮਾਂ ਕਾਰਨ ਰਾਖਸ਼ਸ਼ ਦੀ ਪੱਧਰ ਤੇ ਆ ਸਕਦਾ ਹੈ। ਇਸ ਵਿਚਿਤਰ ਸਿਧਾਂਤ ਨੇ ਸਮਾਜ ਦੀ ਵਰਣਵੰਡ ਉੱਤੇ ਵੀ ਅਸਰ ਪਾਇਆ ਅਤੇ ਅਸੀਂ ਵੇਖਦੇ ਹਾਂ ਕਿ ਖਾਲਸਾ ਸਿਰਜਣਾ ਵਿਚ ਉਚ ਨੀਚ ਦਾ ਭੇਤ-ਭਾਵ ਖ਼ਤਮ ਕਰਨ ਲਈ ਇਹ ਸਿਧਾਂਤ ਬਹੁਤ ਸਹਾਈ ਸਿੱਧ ਹੋਇਆ।

ਕੋਈ ਬਹਾਦਰ ਭਾਵੇਂ ਦੁਸ਼ਮਣ ਵੀ ਹੈ ਤਾਂ ਵੀ ਉਸਦੀ ਪ੍ਰਸੰਸਾ ਹੋਣੀ ਚਾਹੀਦੀ ਹੈ। ਬਚਿਤ੍ਰ ਨਾਟਕ ਦਾ ਭੰਗਾਣੀ ਯੁੱਧ ਵਰਣਨ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਦਾ ਇਹ ਅਨੋਖਾ ਪੱਖ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਹੰਡੂਰ ਦਾ ਪਹਾੜੀ ਰਾਜਾ ਹਰੀਚੰਦ ਕਹਿਲੂਰ ਦੇ ਪਹਾੜੀ ਰਾਜੇ ਭੀਮ ਚੰਦ ਦੀ ਸਹਾਇਤਾ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਨ ੧੬੮੮ ਵਿਚ ਲੜਨ ਲਈ ਭੰਗਾਣੀ ਦੇ ਮੈਦਾਨ ਵਿਚ ਆਇਆ। ਇਹ ਧਨੁਖਧਾਰੀ ਵੱਡਾ ਸੂਰਬੀਰ ਸੀ। ਇਸਨੇ ਜੀਤਮਲ ਨੂੰ ਆਪਣੇ ਤੀਰ ਨਾਲ ਮਾਰ ਦਿੱਤਾ ਸੀ। ਬਚਿਤ੍ਰ ਨਾਟਕ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਇਹ ਸੂਰਬੀਰ ਜਿਸ ਨੂੰ ਵੀ ਤੀਰ ਮਾਰਦਾ ਸੀ ਉਹ ਸਰੀਰ ਤਿਆਗ ਜਾਂਦਾ ਸੀ। ਇਹ ਦੋ ਦੋ ਤੀਰ ਇੱਕੋ ਵਾਰ ਚਲਾਉਣ ਵਿੱਚ ਮਾਹਿਰ ਸੀ,

**ਦੁਯੰ ਬਾਣ ਖੈਚੇ ਇਕ ਬਾਰ ਮਾਰੇ।**



Sri Satguru Jagjit Singh Ji eLibrary NamdhariElibrary@gmail.com

**ਬਲੀ ਬੀਰ ਬਾਜੀਨ ਤਾਜੀ ਬਿਦਾਰੇ।**
**ਜਿਸੈ ਬਾਣ ਲਾਗੈ ਰਹੈ ਨ ਸੰਭਾਰੰ।**
**ਤਨ ਬੇਧਿਕੈ ਤਾਹਿ ਪਾਰੰ ਸਿਧਾਰੰ।**

ਏਸੇ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਤਿੰਨ ਤੀਰ ਚਲਾਏ ਅਤੇ ਤੀਜਾ ਗੁਰੂ ਜੀ ਦੀ ਪੇਟੀ ਨੂੰ ਵਿੰਨ੍ਹਦਾ ਹੋਇਆ ਪੇਟ ਤੱਕ ਜਾ ਚੁਭਿਆ।

**ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ।**
**ਕਲੰ ਕੇਵਲੰ ਜਾਨ ਦਾਸੰ ਬਚਾਯੰ।**
**ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥**
**ਕਰੰ ਲੈ ਕਮਾਣੰ॥ ਹਨੰ ਬਾਣ ਤਾਣ॥**
**ਸਭੈ ਬੀਰ ਧਾਏ॥ ਸਰੋਘੰ ਚਲਾਏ॥**
**ਤਬੈ ਤਾਕਿ ਬਾਣੰ॥ ਹਨਿਓ ਏਕ ਜੁਆਣੰ॥**
**ਹਰੀ ਚੰਦ ਮਾਰੇ॥ ਸੁ ਜੋਧਾ ਲਤਾਰੇ॥**

ਇਸ ਪ੍ਰਕਾਰ ਕਲਗੀਧਰ ਦੇ ਬਾਣ ਨਾਲ ਇਸ ਸੂਰਬੀਰ ਦਾ ਅੰਤ ਹੋਇਆ। ਪਰ ਇਸ ਦੀ ਬਹਾਦਰੀ ਨੂੰ ਗੁਰੂ ਸਾਹਿਬ ਨੇ ਖੁੱਲੇ ਮਨ ਨਾਲ ਪ੍ਰਵਾਨ ਕੀਤਾ।

'ਬਚਿੱਤ੍ਰ ਨਾਟਕ' ਦਾ ਸਭ ਤੋਂ ਵੱਧ ਮਹੱਤਵਪੂਰਨ ਪੱਖ ਅਜੇ ਬਾਕੀ ਹੈ। ਸੋਢੀ ਅਤੇ ਬੇਦੀ ਬੰਸ ਦੀ ਉਤਪਤੀ ਦਾ ਇਸ ਵਿੱਚ ਵਰਣਨ ਆਇਆ ਹੈ ਜਿਹੜਾ ਬਹੁਤ ਬਿਉਰੇਵਾਰ ਤਾਂ ਨਹੀਂ ਪਰ ਸੰਕੇਤਕ ਅਵੱਸ਼ ਹੈ ਅਤੇ ਅੱਜ ਦੇ ਮੌਜੂਦਾ ਸਿੱਖ ਸੰਕਟ ਉੱਤੇ ਪੂਰਾ ਢੁਕਦਾ ਹੈ। ਕਹਾਣੀ ਮੋਟੇ ਤੌਰ ਤੇ ਸ਼ੁਰੂ ਹੁੰਦੀ ਹੈ ਸ੍ਰੀ ਰਾਮ ਚੰਦ੍ਰ ਦੇ ਦੋ ਪੁੱਤਰਾਂ ਲਵ ਅਤੇ ਕੁਸ਼ ਦੇ ਰਾਜ ਕਾਜ ਦੇ ਵਰਣਨ ਨਾਲ। 'ਬਚਿਤ੍ਰ ਨਾਟਕ' ਵਿੱਚ ਦੱਸਿਆ ਗਿਆ ਹੈ ਕਿ ਲਵ ਨੇ ਲਾਹੌਰ ਵਸਾਇਆ ਅਤੇ ਕੁਸ਼ ਨੇ ਕਸੂਰ ਨਾਮਕ ਨਗਰ ਵਸਾਇਆ ਜਿੱਥੇ ਇਹ ਦੋਵੇਂ ਰਾਜ ਕਰਨ ਲੱਗ ਪਏ। ਪੀੜ੍ਹੀਆਂ ਗੁਜ਼ਰਦੀਆਂ ਗਈਆਂ ਅਤੇ ਇਨ੍ਹਾਂ ਦੋਵਾਂ ਪਰਿਵਾਰਾਂ ਵਿਚ ਪਰਸਪਰ ਵੈਰ ਵਿਰੋਧ ਈਰਖਾ ਵਧਦੀ ਗਈ। ਜਿਸਦੇ ਫਲਸਰੂਪ ਲੜਾਈਆਂ ਝਗੜੇ ਚਲਦੇ ਰਹੇ। ਅਖੀਰ ਇਹ ਹੋਇਆ—'ਲਵੀ ਸਰਬ ਜੀਤੇ ਕੁਸ਼ੀ ਸਰਬ ਹਾਰੇ'—ਅਤੇ ਹਾਰ ਕੇ ਕੁਸ਼ ਦੇ ਬੰਸ ਦੇ ਲੋਕ ਬਨਾਰਸ ਵੱਲ ਚਲੇ ਗਏ ਜਿਥੇ ਉਨ੍ਹਾਂ ਨੇ ਪਾਠ ਕਰਨਾ ਸ਼ੁਰੂ ਕਰ ਦਿੱਤਾ ਅਤੇ ਅਨੇਕ ਸਾਲਾਂ ਤੱਕ ਉੱਥੇ ਨਿਵਾਸ ਕੀਤਾ। ਕਈ ਪੀੜ੍ਹੀਆਂ ਬਾਦ ਲਵਬੰਸੀਆਂ ਨੇ ਮੁੜ ਕੁਸ਼ਬੰਸੀ ਬੇਦੀਆਂ ਨੂੰ ਰਾਜਭਾਗ ਦੇ ਦਿੱਤਾ ਅਤੇ ਆਪ ਜੰਗਲਾਂ ਵਿਚ ਤਪੱਸਿਆ ਕਰਨ ਲਈ ਤੁਰ ਪਏ। ਪ੍ਰੰਤੂ ਰਾਜ ਕਰਨ ਵਾਲਿਆਂ ਵਿਚ ਆਪਸ ਵਿਚ ਹੀ ਮੁੜ ਲੜਾਈਆਂ ਝਗੜੇ ਸ਼ੁਰੂ ਹੋ ਗਏ ਅਤੇ ਸਹਿਜੇ ਸਹਿਜੇ ਸਾਰਾ ਰਾਜ, ਭਾਗ ਅਤੇ ਜ਼ਮੀਨ ਜਾਇਦਾਦ ਉਨ੍ਹਾਂ ਤੋਂ ਖੁੱਸ ਗਈ —

**ਬਹੁਰ ਬਿਖਾਧ ਬੀਧਾਯੰ॥**
**ਕਿਨੀ ਨ ਤਾਹਿ ਸਾਧਿਯੰ॥**
**ਕਰੰਮ ਕਾਲ ਯੋ ਭਈ॥**
**ਸੁ ਭੂਮ ਬੰਸ ਤੇ ਗਈ॥ ੧॥**
**ਬੀਸ ਗਾਵ੍ਹ ਤਿਨ ਕੇ ਰਹਿ ਗਏ॥**
**ਜਿਨ ਮੋ ਕਰਤ ਕ੍ਰਿਸਾਨੀ ਭਏ॥**

**—ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥**
**ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ॥**

ਇਸ ਤੋਂ ਉਪਰੰਤ ਬਚਿਤ੍ਰ ਨਾਨਕ ਦੇ ਇਸ ਪੰਜਵੇਂ ਅਧਿਆਇ ਵਿਚ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਨੂੰ ਇੱਕ ਜੋਤਿ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ ਅਤੇ 'ਜੋਤਿ ਓਹਾ ਜੁਗਤਿ ਸਾਈ ਸਹਿ ਕਾਇਆ ਫੇਰਿ ਪਲਟੀਐ' ਦੇ ਅਨੁਰੂਪ ਗੱਲ ਕੀਤੀ ਗਈ ਹੈ। ਹੁਣ ਇਥੇ ਇਕ ਮਹੱਤਵਪੂਰਨ ਪ੍ਰਸ਼ਨ ਪੈਦਾ ਹੁੰਦਾ ਹੈ ਜਿਸ ਲਈ ਕਈ ਵਿਦਵਾਨ ਬੜੇ ਚਿੰਤਤ ਹਨ। ਪ੍ਰਸ਼ਨ ਇਹ ਹੈ ਕਿ ਜੇਕਰ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੀ ਬੰਸਾਵਲੀ ਲਵ-ਕੁਸ਼ ਅਤੇ ਸ੍ਰੀ ਰਾਮ ਚੰਦ੍ਰ ਜੀ ਨਾਲ ਜੋੜੀ ਜਾਂਦੀ ਹੈ ਤਾਂ ਸਿੱਖਾਂ ਦਾ ਹਿੰਦੂ ਧਰਮ ਤੋਂ ਨਿਆਰਾਪਨ ਕਿਵੇਂ ਬਚੇਗਾ ਅਤੇ ਕੀ ਪੰਥ ਖਤਰੇ ਵਿੱਚ ਨਹੀਂ ਪੈ ਜਾਵੇਗਾ ? ਪੰਥ ਨੂੰ ਤਾਂ ਦਰਅਸਲ ਕੋਈ ਖਤਰਾ ਨਹੀਂ ਹੋ ਸਕਦਾ ਕਿਉਂਕਿ ੫੦੦ ਵਰ੍ਹਿਆਂ ਤੋਂ ਰਾਮ, ਰਹੀਮ, ਕ੍ਰਿਸ਼ਨ, ਖੁਦਾ ਦਾ ਨਾਂ ਬਾਣੀ ਵਿਚ ਆਉਂਦੇ ਰਹਿਣ ਨਾਲ ਅਤੇ ਦਸਮਗ੍ਰੰਥ ਦੀਆਂ ਹੋਰ ਰਚਨਾਵਾਂ ਵਿੱਚ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਆਉਂਦੇ ਰਹਿਣ ਨਾਲ ਜੇ ਪੰਥ ਦੇ ਨਿਆਰੇਪਨ ਤੇ ਕੋਈ ਪ੍ਰਭਾਵ ਨਹੀਂ ਪਿਆ ਅਤੇ ਦਿਨ-ਬ-ਦਿਨ ਇਹ ਆਪਣੀ ਵਿਲੱਖਣ ਦਿੱਖ ਇਨ੍ਹਾਂ ਗ੍ਰੰਥਾਂ ਦੇ ਆਧਾਰ ਤੇ ਹੀ ਸਿੱਧ ਕਰੀ ਜਾ ਰਿਹਾ ਹੈ ਤਾਂ ਹੁਣ ਕੀ ਖ਼ਤਰਾ ਹੋ ਸਕਦਾ ਹੈ ਜਦੋਂਕਿ ਧਰਮ ਇੱਕ ਵਿਸ਼ਵ ਧਰਮ ਦੇ ਤੌਰ ਤੇ ਆਪਣਾ ਨਾਂ ਦਰਜ ਕਰਾ ਚੁੱਕਾ ਹੈ। ਹਾਂ, ਧਰਮ ਦੇ ਨਾਂ ਤੇ ਆਪਣੀ ਰੋਜ਼ੀ ਰੋਟੀ ਚਲਾਉਣ ਵਾਲੇ ਮਰਜੀਵੜਿਆਂ ਦੇ ਕਾਰੋਬਾਰ ਤੇ ਜ਼ਰੂਰ ਕੁਝ ਅਸਰ ਪੈ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

ਦਰਅਸਲ ਬਚਿਤ੍ਰ ਨਾਟਕ ਦੇ ਇਸ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੀ ਜਾਂ ਆਪਣੀ ਬੰਸਾਵਲੀ ਖੋਜਣਾ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਨਹੀਂ ਹੈ। ਉਂਜ ਵੀ ਭਾਰਤ ਵਿਚ ਜਨਮੇ ਕਿਸੇ ਵਿਅਕਤੀ ਦੀ ੨-੩ ਹਜ਼ਾਰ ਸਾਲ ਪੁਰਾਣੀ ਬੰਸਾਵਲੀ ਜੇਕਰ ਖੋਜੀ ਜਾ ਸਕੇ ਤਾਂ ਉਹ ਭਾਰਤ ਦੇ ਹੀ ਕਿਸੇ ਤਥਾਕਥਿਤ ਰਿਸ਼ੀ, ਮੁਨੀ, ਰਾਜੇ, ਰਾਖਸ਼ਸ ਆਦਿ ਨਾਲ ਹੀ ਜੁੜੇਗੀ.... ਮੱਕਾ ਮਦੀਨਾ, ਜਾਂ ਇਜ਼ਰਾਈਲ ਅਮਰੀਕਾ, ਦੇ ਵਿਅਕਤੀ ਨਾਲ ਨਹੀਂ। ਜੇ ਇਸ ਤਰ੍ਹਾਂ ਹੀ ਸਿੱਖ ਪੰਥ ਨੂੰ ਖਤਰਾ ਹੋਣ ਲੱਗ ਪਿਆ ਤਾਂ ਫਿਰ ਅੱਜ ਵੀ ਜੱਟਾਂ, ਖੱਤਰੀਆਂ ਦੀਆਂ ਕਈ ਗੋਤਾਂ ਮੁਸਲਮਾਨਾਂ-ਸਿੱਖਾਂ ਅਤੇ ਹਿੰਦੂ-ਸਿੱਖਾਂ ਵਿਚ ਸਾਂਝੀਆਂ ਹਨ ਅਤੇ ਮੁਸਲਮਾਨ ਕੱਟੜ ਮੁਸਲਮਾਨ ਹੈ ਅਤੇ ਸਿੱਖ ਨਿਰੋਲ ਸਿੱਖ ਹੈ, ਹਿੰਦੂ ਪੂਰਾ ਆਸਤਿਕ ਹਿੰਦੂ ਅਤੇ ਸਿੱਖ ਪੂਰਾ ਸਿੱਖ ਹੈ। ਦਰਅਸਲ ਬਚਿਤ੍ਰ ਨਾਟਕ ਦਾ ਸੰਦੇਸ਼ ਕੁਝ ਹੋਰ ਹੈ ਜਿਸਤੋਂ ਅਸੀਂ ਖਹਿੜਾ ਛੁਡਾਉਣਾ ਚਾਹੁੰਦੇ ਹਾਂ। ਸੰਦੇਸ਼ ਇਹ ਹੈ ਕਿ ਇਸ ਲੰਮੀ ਵਾਰਤਾ ਰਾਹੀਂ ਗੁਰੂ ਸਾਹਿਬ ਸਿਰਜੇ ਜਾਣ ਵਾਲੇ ਖ਼ਾਲਸੇ ਨੂੰ ਕੁਝ ਚੇਤਾਵਨੀਆਂ ਦੇਣੀਆਂ ਚਾਹੁੰਦੇ ਹਨ ਕਿ ਪਰਸਪਰ ਫੁਟ ਅਤੇ ਖਹਿਬਾਜੀ ਦੇ ਕਾਰਨ ਵੱਡੇ ਵੱਡੇ ਚੱਕਰਵਰਤੀ ਰਾਜਿਆਂ ਦੇ ਵਾਰਿਸ ਵੀ ਅਖੀਰ ਵੀਹ ਪਿੰਡਾਂ ਦੀ ਮਾਲਕੀ ਤੱਕ ਪਹੁੰਚ ਸਕਦੇ ਹਨ, ਏਨਾਂ ਹੀ ਨਹੀਂ ਬਚਿਤ੍ਰ ਨਾਟਕ ਵਿਚ ਆਪਸੀ ਲੜਾਈਆਂ ਦੇ ਕਾਰਨਾਂ ਨੂੰ ਵੀ ਘੋਖਿਆ ਪੜਚੋਲਿਆ ਗਿਆ ਹੈ। ਧਨ ਅਤੇ ਜ਼ਮੀਨ ਝਗੜਿਆਂ ਦੇ ਪੁਰਾਤਨ ਕਾਰਨ ਹਨ ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਘੇਰਿਆ ਹੋਇਆ ਹੈ। ਮੋਹ, ਹੰਕਾਰ ਅਤੇ ਅਡੰਬਰ ਦੇ ਪ੍ਰਸਾਰ ਨੇ ਅਤੇ ਕਾਲਰੂਪ ਕ੍ਰੋਧ ਨੇ ਸਾਰਾ ਜਗ ਜਿੱਤਿਆ ਹੋਇਆ ਹੈ। ਧਨ ਹੀ ਹੁਣ ਧੰਨਤਾਯੋਗ ਕਿਹਾ ਜਾਂਦਾ ਹੈ ਕਿਉਂਕਿ ਸਾਰਾ ਸੰਸਾਰ ਇਸੇ ਦਾ ਹੀ ਗੁਲਾਮ ਹੈ। ਸਾਰਿਆਂ ਦਾ ਧਿਆਨ ਇਸੇ ਉੱਤੇ ਟਿਕਿਆ ਹੋਇਆ ਹੈ ਅਤੇ ਸਾਰੇ ਧਨਵਾਨ ਨੂੰ ਹੀ ਸਲਾਮ ਕਰਦੇ ਹਨ। ਦਰਅਸਲ ਲੋਭ ਹੀ ਸਾਰੇ ਸੰਸਾਰਕ ਪੁਆੜਿਆਂ ਦੀ ਜੜ ਬਣ ਗਿਆ ਹੈ ਅਤੇ ਇਸ ਅਧੀਨ ਲੋਗ ਇਹ ਚਾਹੁੰਦੇ ਹਨ ਕਿ ਬਾਕੀ ਸਾਰੇ ਨੇਸਤੋਨਾਬੂਦ ਹੋ ਜਾਣ ਤਾਂ ਕਿ ਸਭ ਕੁਝ ਹੜੱਪ ਕੀਤਾ ਜਾ ਸਕੇ।

**ਧਨ ਅਰੁ ਭੂਮ ਪੁਰਾਤਨ ਬੈਰਾ ॥**
**ਜਿਨ ਕਾ ਮੂਆ ਕਰਤਿ ਜਗ ਘੇਰਾ ॥**
**ਮੋਹ ਬਾਦ ਅਹੰਕਾਰ ਪਸਾਰਾ ॥**
**ਕਾਮ ਕ੍ਰੋਧ ਜੀਤਾ ਜਗ ਸਾਰਾ ॥ ੩੪ ॥**

**॥ ਦੋਹਰਾ ॥**
**ਧੰਨਿ ਧੰਨਿ ਧਨ ਕੋ ਭਾਖੀਐ ਜਾ ਕਾ ਜਗਤੁ ਗੁਲਾਮੁ ॥**
**ਸਭ ਨਿਰਖਤ ਯਾ ਕੋ ਫਿਰੈ ਸਭ ਚਲ ਕਰਤ ਸਲਾਮ ॥ ੩੫ ॥**
**— ਲੋਭ ਮੂਲ ਇਹ ਜਗ ਕੋ ਹੂਆ ॥**
**ਜਾਸੋ ਚਾਹਤ ਸਭੈ ਕੋ ਮੂਆ ॥ ੩੬ ॥**

**—ਦਸਮ ਗ੍ਰੰਥ ਪੰਨਾ - ੪੯**

ਗੁਰੂ ਨਾਨਕ ਦੇਵ ਜੀ ਤੋਂ ਸਿੱਧੇ ਚਲ ਕੇ ਜੇਕਰ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਜਾਈਏ ਤਾਂ ਉਦੋਂ ਤੱਕ ਅਸੀਂ ਇੱਕ ਸਰਕਾਰ ਖ਼ਾਲਸਾ ਵੇਖਦੇ ਹਾਂ। ਜਿਹਦੀਆਂ ਹੱਦਾਂ ਪੰਜਾਬ ਦੇ ਧੁਰ ਦੱਖਣ ਤੋਂ ਲੈ ਕੇ ਉੱਤਰ-ਪੱਛਮ ਵਿਚ ਕਾਬਲ ਕੰਧਾਰ ਤੱਕ ਜਾਂਦੀਆਂ ਸਨ। ਪਰਸਪਰ ਧੋਖੇਬਾਜ਼ੀ, ਵਿਅਕਤੀਗਤ ਲਾਲਸਾਵਾਂ ਨੇ ਪੰਥ ਅਤੇ 'ਸਰਕਾਰ ਖਾਲਸਾ' ਨੂੰ ਖੋਰਾ ਲਾਉਂਦਿਆਂ ਅੱਜ ਸਿੱਖਾ ਨੂੰ ਕੇਵਲ ੧੩ ਜ਼ਿਲ੍ਹਿਆਂ ਵਿਚ ਸੀਮਿਤ ਕਰ ਦਿੱਤਾ ਹੈ। ਜੇਕਰ ਅਜੇ ਵੀ ਅਸਾਂ ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਿੱਤੇ ਸੰਦੇਸ਼ ਅਤੇ ਚੇਤਾਵਨੀ ਨੂੰ ਨਾ ਸਮਝਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਮੁੜ ਵੀਹ ਪਿੰਡਾਂ ਦੀ ਮਾਲਕੀ ਵਾਲੀ ਸਥਿਤੀ ਉੱਤੇ ਪੁੱਜ ਸਕਦੇ ਹਾਂ ਅਤੇ ਇਹ ਸਾਰੇ ਦਾ ਸਿਹਰਾ ਕਿਨ੍ਹਾਂ ਲੋਕਾਂ ਦੇ ਸਿਰ ਬੱਝੇਗਾ ਇਹ ਕਹਿਣ ਦੀ ਲੋੜ ਨਹੀਂ।

ਬਚਿਤ੍ਰ ਨਾਟਕ ਨੂੰ ਅਜੇ ਹੋਰ ਵੀ ਕਈ ਪਰਿਪੇਖਾਂ ਤੋਂ ਸਮਝਣ ਸਮਝਾਉਣ ਦੀ ਲੋੜ ਹੈ ਅਤੇ ਇਸੇ ਲੋੜ ਨੂੰ ਸਨਮੁਖ ਰਖਦਿਆਂ ਹੋਇਆ ਬੀਬੀ ਬੇਅੰਤ ਕੌਰ ਜੀ ਨੇ ਇਸ ਕਠਿਨ ਕਾਰਜ ਨੂੰ ਹੱਥ ਵਿਚ ਲੈਂਦਿਆਂ ਹੋਇਆਂ ਬਚਿਤ੍ਰ ਨਾਟਕ ਦੇ ਸ਼ਬਦਾਰਥ ਅਤੇ ਭਾਵਾਰਥ ਨੂੰ ਹਰ ਅਧਿਆਇ ਦੇ ਆਰੰਭ ਵਿਚ ਸਰਲ ਪੰਜਾਬੀ ਵਿਚ ਪਾਠਕਾਂ ਦੇ ਸਾਮ੍ਹਣੇ ਪ੍ਰਸਤੁਤ ਕੀਤਾ ਹੈ। ਇਸ ਵਿਚ ਕਿੰਨੀ ਮਿਹਨਤ ਲੱਗੀ ਹੋਵੇਗੀ ਇਸ ਨੂੰ ਮੈਂ ਭਲੀਭਾਂਤ ਸਮਝ ਸਕਦਾ ਹਾਂ ਅਤੇ ਆਸ ਕਰਦਾ ਹਾਂ ਕਿ ਸੁਹਿਰਦ ਪਾਠਕ ਇਸ ਰਚਨਾ ਤੋਂ ਲਾਭ ਉਠਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

*ਜੋਧ ਸਿੰਘ (ਡਾ.)*
ਪ੍ਰੋਫੈਸਰ ਸਿੱਖ ਧਰਮ ਅਧਿਐਨ ਅਤੇ ਡੀਨ
ਫੈਕਲਟੀ ਆਫ਼ ਹਿਊਮੈਨਿਟੀਜ਼
ਐਂਡ ਰਿਲੀਜਿਅਸ ਸਟੱਡੀਜ਼
ਪੰਜਾਬੀ ਯੂਨੀਵਰਸਿਟੀ, ਪਟਿਆਲਾ।



Sri Satguru Jagjit Singh Ji eLibrary NamdhariElibrary@gmail.com

# ਬਚਿਤ੍ਰ ਨਾਟਕ

ੴ ਸਤਿਗੁਰ ਪ੍ਰਸਾਦਿ॥

ਅਥ

ਅਥ-ਹੁਣ, ਇਸ ਤੋਂ ਪਿਛੋਂ। ਪ੍ਰਾਚੀਨ ਸਮੇਂ ਤੋਂ ਸ਼ਬਦ ਦਾ ਪ੍ਰਯੋਗ ਗ੍ਰੰਥ ਦੇ ਅਰੰਭ ਵਿੱਚ ਇੱਕ ਮੰਗਲ ਸੂਚਕ ਦੇ ਰੂਪ ਵਿੱਚ ਕੀਤਾ ਜਾਂਦਾ ਰਿਹਾ ਹੈ। ਇਸੇ ਪ੍ਰੰਪਰਾ ਅਨੁਸਾਰ ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਵੀ ਅਥ ਸ਼ਬਦ ਦਾ ਪ੍ਰਯੋਗ ਕੀਤਾ ਹੈ।

**ਬਚਿਤ੍ਰ ਨਾਟਕ ਗ੍ਰੰਥ ਲਿਖਯਤੇ॥**

ਬਚਿਤ੍ਰ — ਅਸਚਰਜ, ਅਦਭੁਤ, ਅਨੋਖਾ।

ਨਾਟਕ — ਦ੍ਰਿਸ਼ਯ ਕਾਵਯ।

ਗ੍ਰੰਥ — ਪੁਸਤਕ, ਕਿਤਾਬ।

**ਤ੍ਵਪ੍ਰਸਾਦਿ॥**

ਤ੍ਵ ਪ੍ਰਸਾਦਿ—ਤੇਰੀ ਕ੍ਰਿਪਾ।

**ਸ੍ਰੀ ਮੁਖਵਾਕ ਪਾਤਸ਼ਾਹੀ ੧੦॥**

ਇਸ ਅਦਭੁਤ ਰਚਨਾ ਦਾ ਉਚਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿਤਰ ਮੁਖਾਰਬਿੰਦ ਤੋਂ ਕੀਤਾ ਹੈ।

(੧)

## ਕਾਲ ਜੀ ਕੀ ਉਸਤਤਿ

ਇਸ ਅਧਿਆਇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਰਬ ਕਾਲ, ਮਹਾ ਕਾਲ, ਸਰਬ ਲੋਹ, ਮਹਾ ਲੋਹ ਆਦਕਿ ਸ਼ਬਦਾਂ ਨਾਲ ਉਸ ਅਕਾਲ ਪੁਰਖ ਦੀ ਮਹਿਮਾ ਦਾ ਗੁਣਗਾਣ ਕੀਤਾ ਹੈ। ਉਸ ਦੀ ਕ੍ਰਿਪਾ ਤੇ ਬਖ਼ਸ਼ਸ਼ਾਂ ਤੋਂ ਬਿਨਾ ਮਨੁੱਖ ਅਸਹਾਈ ਹੈ, ਦੀਨ ਹੈ। ਉਸ ਦਾ ਨਾਮ ਸਿਮਰਨ ਕਰਕੇ ਉਸ ਦੀ ਅਰਾਧਨਾ ਰਾਹੀਂ ਹੀ ਮਨੁੱਖ ਦਾ ਜੀਵਨ ਸਫ਼ਲ ਹੋ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਝਾਉਂਦੇ ਹਨ, ਕਿ ਉਸ ਅਕਾਲ ਪੁਰਖ ਨੂੰ ਪਖੰਡਾਂ ਰਾਹੀਂ ਨਹੀਂ ਪਾਇਆ ਜਾ ਸਕਦਾ, ਪੱਥਰਾਂ ਦੀ ਪੂਜਾ ਕਰਨ ਨਾਲ ਉਹ ਨਹੀਂ ਮਿਲਦਾ, ਜੋਗੀ ਬਣਨ ਨਾਲ ਉਸਦਾ ਹਿਰਦਾ ਨਹੀਂ ਪਸੀਜਦਾ। ਉਹ ਪ੍ਰਭੂ ਹਿਰਦੇ ਵਿੱਚ ਉਸ ਲਈ ਸੱਚੇ ਪ੍ਰੇਮ ਨਾਲ ਹੀ ਪਾਇਆ ਜਾ ਸਕਦਾ ਹੈ। ਉਹ ਅਨੰਤ ਹੈ, ਬੇਅੰਤ ਹੈ, ਉਸ ਦੀ ਮਹਿਮਾ ਕਰਨ ਲਈ ਸ਼ਬਦ ਅਸਮਰੱਥ ਹੈ। ਇਸ ਅਧਿਆਇ ਵਿੱਚ ੧੧ ਸਵੈਯੇ, ੬ ਤੋਟਕ, ੧ ਤ੍ਰਿਭੰਗੀ, ੧ ਦੋਹਰਾ, ੧੨ ਨਰਾਜ, ੪੩ ਭੁਜੰਗ ਪ੍ਰਯਾਤ, ਤੇ ੨੭ ਰਸਾਵਲ ਛੰਦ, ਮਿਲਾ ਕੇ ਕੁਲ ੧੦੭ ਛੰਦ ਹਨ।

**ਦੋਹਰਾ॥**

**ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ॥**
**ਪੂਰਨ ਕਰੋ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ॥ ੧॥**

**ਸ਼ਬਦਾਰਥ** ਸ੍ਰੀ—ਸ਼ੋਭਾ ਯੁਕਤ। ਖੜਗ-ਸੰਘਾਰ ਕਰਤਾ ਤਲਵਾਰ। ਹਿਤੁ-ਪ੍ਰੇਮ ਪਿਆਰ।

**ਭਾਵਾਰਥ** ਸਭ ਤੋਂ ਪਹਿਲਾਂ ਮੈਂ ਸ਼ੋਭਾ ਯੁਕਤ ਤਲਵਾਰ ਰੂਪੀ ਕਾਲ ਪੁਰਖ ਨੂੰ ਹੱਥ ਜੋੜ ਕੇ ਬੜੇ ਪਿਆਰ ਭਰਪੂਰ ਦਿਲ ਨਾਲ ਸੀਸ ਨਿਵਾਉਂਦਾ ਹਾਂ, ਅਤੇ ਇਹ ਅਰਜੋਈ ਕਰਦਾ ਹਾਂ, ਕਿ ਹੇ ਪ੍ਰਭੂ ਤੁਸੀਂ ਮੇਰੀ ਸਹਾਇਤਾ ਕਰੋ ਤਾਂ ਕਿ ਮੇਰਾ ਇਹ ਗ੍ਰੰਥ ਸੰਪੂਰਨ ਹੋ ਸਕੇ।

**ਤ੍ਰਿਭੰਗੀ ਛੰਦ॥**

**ਸ੍ਰੀ ਕਾਲ ਜੀ ਕੀ ਉਸਤਤਿ॥**

**ਸ਼ਬਦਾਰਥ** — ਸ੍ਰੀ ਕਾਲ-ਮਹਾ ਕਾਲ ਜੋ ਸਾਰੀ ਵਿਸ਼ਵ ਨੂੰ ਲੈ ਕਰਦਾ ਹੈ। ਉਸਤਤਿ-ਮਹਿਮਾ, ਉਪਮਾ।

**ਭਾਵਾਰਥ** — ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਤ੍ਰਿਭੰਗੀ ਛੰਦ ਵਿਚ ਕਾਲ ਜੋ ਸਭ ਨੂੰ ਮਾਰਨ ਵਾਲੀ ਸ਼ਕਤੀ ਹੈ, ਦੀ ਮਹਿਮਾ ਕਰਦੇ ਹਨ।

**ਖੱਗ ਖੰਡ ਬਿਹੰਡੰ ਖਲ ਦਲ ਖੰਡੰ**
**ਅਤਿ ਰਣ ਮੰਡੰ ਬਰਬੰਡੰ॥**
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ**
**ਜੋਤਿ ਅਮੰਡੰ ਭਾਨ ਪ੍ਰਭੰ॥**
**ਸੁਖ ਸੰਤਾ ਕਰਣੰ ਦੁਰਮਤਿ ਦਰਣੰ**
**ਕਿਲਬਿਖ ਹਰਣੰ ਅਸ ਸਰਣੰ॥**
**ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ**
**ਮਮ ਪ੍ਰਤਿਪਾਰਣ ਜੈ ਤੇਗੰ॥ ੨॥**

**ਸ਼ਬਦਾਰਥ** — ਖਗ-ਤਲਵਾਰ। ਖੰਡ ਬਿਹੰਡੰ-ਪੁਰਜ਼ਾ ਪੁਰਜ਼ਾ ਕਰਕੇ ਮਾਰ ਦੇਣ ਵਾਲੀ। ਦਲ-ਵੈਰੀਆਂ ਦਾ ਸਮੂਹ। ਮੰਡੰ-ਮਚਾਉਣਾ। ਬਰ ਬੰਡੰ-ਬਹੁਤ ਅਧਿਕ ਬਲਸ਼ਾਲੀ। ਭੁਜ-ਬਾਹਵਾਂ ਦੇ ਡੌਲੇ। ਅਖੰਡੰ-ਨਾ ਵੱਢੇ ਜਾਣ ਵਾਲੇ। ਤੇਜ ਪ੍ਰਚੰਡੰ-ਬਹੁਤ ਹੀ ਤੇਜ਼ ਪ੍ਰਤਾਪ ਵਾਲੀ। ਜੋਤਿ ਅਮੰਡੰ-ਸੂਰਜ ਵਾਂਗ ਚਮਕਦੀ ਜੋਤਿ। ਦਰਣੰ-ਨਾਸ਼ ਕਰਨ ਵਾਲੀ। ਕਿਲਬਿਖ-ਪਾਪ। ਅਸਿ-ਤਲਵਾਰ। ਪ੍ਰਤਿਪਾਰਣ-ਮੇਰੀ ਪਾਲਣਾ ਕਰਨ ਵਾਲੀ। ਜੈ ਤੇਗੰ-ਸ੍ਰੀ ਭਗੌਤੀ ਜੈ ਹੋਵੇ।

**ਭਾਵਾਰਥ** — ਮਹਾ ਕਾਲ ਦੀ ਕਾਲ ਰੂਪੀ ਤਲਵਾਰ ਦੁਸ਼ਟਾਂ ਦੇ ਪੁਰਜ਼ੇ ਪੁਰਜ਼ੇ ਕਰ ਦਿੰਦੀ ਹੈ ਅਤੇ ਵੈਰੀਆਂ ਦੇ ਸਮੂਹਾਂ ਨੂੰ ਨਾਸ ਕਰ ਦਿੰਦੀ ਹੈ, ਇਹ ਅਤਿ ਬਲਵਾਨ ਹੋਣ ਕਰਕੇ ਯੁੱਧ ਨੂੰ ਹੋਰ ਵੀ ਵਧੇਰੇ ਮਚਾਉਂਦੀ ਹੈ। ਇਹ ਕਾਲ ਰੂਪੀ ਤਲਵਾਰ ਨਾ ਵੱਢੇ ਜਾਣ ਵਾਲੇ ਡੌਲਿਆਂ ਦਾ ਸਾਥ ਦਿੰਦੀ ਹੈ। ਮਹਾ ਕਾਲ ਦੀ ਤੇਜ਼ ਪ੍ਰਤਾਪ ਵਾਲੀ ਜੋਤਿ ਜੋ ਸਦਾ ਆਪਣੇ ਆਪ ਜਗਦੀ ਰਹਿੰਦੀ ਹੈ, ਸੂਰਜ ਵਾਂਗ ਲਿਸ਼ਕਦੀ ਹੈ, ਸੰਤਾਂ ਮਹਾਂਪੁਰਖਾਂ ਨੂੰ ਸੁਖ ਪ੍ਰਦਾਨ ਕਰਦੀ ਹੈ, ਅਤੇ ਖੋਟੀ ਬੁੱਧੀ ਵਾਲਿਆਂ ਦਾ ਨਾਸ ਕਰਦੀ ਹੈ, ਸਾਰੇ ਪਾਪਾਂ ਦਾ ਨਾਸ ਕਰਦੀ ਹੈ। ਇਹੋ ਜਿਹੇ ਗੁਣਾਂ ਦੇ ਧਾਰਨੀ ਮਹਾਂ ਕਾਲ ਦੀ ਤਲਵਾਰ ਰੂਪੀ ਸ਼ਕਤੀ ਦਾ ਮੈਂ ਆਸਰਾ ਲਿਆ ਹੈ। ਹੇ ਸੰਸਾਰ ਦੀ ਰਚਣਹਾਰੀ ਸ਼ਕਤੀ, ਹੇ ਸ੍ਰਿਸ਼ਟੀ ਨੂੰ ਬਚਾਉਣ ਵਾਲੀ ਅਤੇ ਮੇਰੀ ਪਾਲਣਾਂ ਕਰਨ ਵਾਲੀ



Sri Satguru Jagjit Singh Ji eLibrary NamdhariElibrary@gmail.com

ਾ ਕਾਲ ਤਲਵਾਰ ਰੂਪੀ ਸ਼ਕਤੀ, ਤੇਰੀ ਸਦਾ ਹੀ ਜੈ ਹੋਵੇ।

**ਭੁਜੰਗ ਪ੍ਰਯਾਤ ਛੰਦ ॥**

**ਸਦਾ ਏਕ ਜੋਤਯੰ ਅਜੂਨੀ ਸਰੂਪੰ ॥**
**ਮਹਾਂਦੇਵ ਦੇਵੰ ਮਹਾ ਭੂਪ ਭੂਪੰ ॥**
**ਨਿਰੰਕਾਰ ਨਿਤਯੰ ਨਰੂਪੰ ਨ੍ਰਿਬਾਣੰ ॥**
**ਕਲੰ ਕਾਰਣੇਯੰ ਨਮੋ ਖੜਗ ਪਾਣੰ ॥ ੩ ॥**

**ਸ਼ਬਦਾਰਥ —** ਜੋਤਯੰ-ਪ੍ਰਕਾਸ਼ ਕਰਨ ਵਾਲਾ। ਭੂਪੰ-ਜਿਆਂ ਦਾ ਰਾਜਾ। ਨਿਰੰਕਾਰ ਨਿਤਯੰ-ਸਦਾ ਕਾਇਮ ਰਹਿਣ ਲੇ ਨੂੰ। ਨਰੂਪੰ-ਰੂਪ ਰਹਿਤ। ਨ੍ਰਿਬਾਣੰ-ਹਰ ਤਰ੍ਹਾਂ ਦੀ ਆਦਤ ਬਿਨਾਂ। ਕਲੰ ਕਾਰਣੇਯੰ-ਕਲਾ ਦਾ ਕਾਰਨ, ਸ਼ਕਤੀ ਦਾ ਤਾ। ਖੜਗ ਪਾਣੰ-ਹੱਥ ਵਿਚ ਤਲਵਾਰ ਧਾਰਨ ਵਾਲਾ।

**ਭਾਵਾਰਥ —** ਅਕਾਲਪੁਰਖ ਹਮੇਸ਼ਾਂ ਹੀ ਰਹਿਣ ਵਾਲਾ ਉਹ ਆਵਾ ਗਵਣ ਦੇ ਚੱਕਰਾਂ ਤੋਂ ਮੁਕਤ ਹੈ, ਉਹ ਦੇਵਤਿਆਂ ਦੇਵਤਾ ਹੈ ਅਤੇ ਰਾਜਿਆਂ ਦਾ ਮਹਾਰਾਜਾ ਹੈ। ਉਹ ਆਕਾਰ ਰਹਿਤ ਹੈ ਅਤੇ ਸਦਾ ਰਹਿਣ ਵਾਲਾ ਹੈ। ਉਸਦਾ ਕੋਈ ਰੂਪ ਹੀਂ, ਉਸਨੂੰ ਕਿਸੇ ਕਿਸਮ ਦੀ ਕੋਈ ਆਦਤ ਨਹੀਂ, ਉਹ ਤੀ ਦਾ ਕਰਤਾ ਹੈ ਅਤੇ ਜਿਸਦੇ ਹੱਥ ਵਿੱਚ ਸਦਾ ਹੀ ਲਵਾਰ ਰਹਿੰਦੀ ਹੈ, ਉਸ ਨੂੰ ਮੇਰੀ ਨਮਸਕਾਰ ਹੈ।

**ਨਿਰੰਕਾਰ ਨ੍ਰਿਬਿਕਾਰ ਨਿਤਯੰ ਨਿਰਾਲੰ ॥**
**ਨ ਬ੍ਰਿਧੰ ਬਿਸੇਖੰ ਨ ਤਰੁਨੰ ਨ ਬਾਲੰ ॥**
**ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ ॥**
**ਨ ਰੰਗੰ ਨ ਰਾਗੰ ਅਪਾਰੰ ਅਭੇਖੰ ॥੪ ॥**

**ਸ਼ਬਦਾਰਥ —** ਨਿਰੰਕਾਰ-ਅਕਾਰ ਤੋਂ ਬਿਨਾਂ। ਨ੍ਰਿਬਿਕਾਰ-ਕਾਰਾਂ ਤੋਂ ਰਹਿਤ। ਨਿਤਯੰ-ਸਦੀਵ ਕਾਲ, ਹਮੇਸ਼ਾਂ ਲਈ। ਰਾਲੰ-ਅਲਿਹਿਦਾ। ਬ੍ਰਿਧੰ-ਬਹੁਤ ਬੁੱਢਾ। ਬਿਸੇਖੰ-ਖ਼ਾਸ ਤੌਰ ਤਰੁੰਨ-ਗੱਭਰੂ, ਜੁਆਨ ਨ ਬਾਲੰ-ਨਾ ਬੱਚਾ ਹੈ। ਨ ਰੰਕੰ-ਕੰਗਾਲ ਹੈ।

**ਭਾਵਾਰਥ —** ਉਹ ਅਕਾਲ ਪੁਰਖ ਅਕਾਰ ਤੋਂ ਰਹਿਤ ਹੈ, ਕਾਰਾਂ ਤੋਂ ਰਹਿਤ ਹੈ, ਸਦੀਵ ਕਾਲ ਅਲਹਿਦਾ ਹੈ, ਜੋ ਵਿਸ਼ੇਸ਼ ਕੇ ਨਾ ਹੀ ਬੁੱਢਾ ਹੈ, ਨਾ ਹੀ ਜਵਾਨ ਹੈ ਅਤੇ ਨਾ ਹੀ ਬੱਚਾ ਨਾ ਕੰਗਾਲ ਹੈ ਨਾ ਹੀ ਰਾਜਾ ਹੈ, ਨਾ ਰੂਪ ਵਾਲਾ ਹੈ ਅਤੇ ਹੀ ਰੇਖਾਂ ਵਾਲਾ ਹੈ। ਉਸਦਾ ਨਾ ਕੋਈ ਰੰਗ ਹੈ ਅਤੇ ਨਾ ਹੀ ਦਾ ਕੋਈ ਸ਼ਿੰਗਾਰ ਹੈ, ਨਾ ਹੀ ਕੋਈ ਅੰਤ ਹੈ ਅਤੇ ਨਾ ਹੀ ਦਾ ਕੋਈ ਭੇਖ ਹੈ।

**ਨ ਰੂਪੰ ਨ ਰੇਖੰ ਨ ਰੰਗੰ ਨ ਰਾਗੀ ॥**
**ਨ ਨਾਮੰ ਨ ਠਾਮੰ ਜੋਤਿ ਜਾਗੀ ॥**
**ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿਤਯੰ ॥**
**ਮਹਾਂ ਜੋਗ ਜੋਗੰ ਸੁ ਪਰਮੰ ਪਵਿਤ੍ਰਯੰ ॥ ੫ ॥**

**ਸ਼ਬਦਾਰਥ —** ਠਾਮੰ—ਥਾਂ। ਪਰਮੰ—ਬਹੁਤ ਵੱਡਾ। —ਵੱਡੀ। ਦ੍ਵੈਖੰ—ਈਰਖਾ।

**ਭਾਵਾਰਥ —** ਜਿਸਦਾ ਨਾ ਕੋਈ ਰੂਪ ਹੈ, ਨਾ ਰੇਖ (ਨਿਸ਼ਾਨ) ਹੈ, ਨਾ ਰੰਗ ਹੈ ਨਾ ਹੀ ਉਸਦਾ ਕੋਈ ਸ਼ਿੰਗਾਰ ਹੈ। ਨਾ ਕੋਈ ਉਸਦਾ ਨਾਮ ਹੈ ਅਤੇ ਨਾ ਕੋਈ ਉਸਦਾ ਥਾਂ ਟਿਕਾਣਾ ਹੈ। ਉਹ ਤਾਂ ਮਹਾਂ ਜੋਤ ਸਰੂਪ ਵਿੱਚ ਪ੍ਰਕਾਸ਼ ਕਰ ਰਿਹਾ ਹੈ। ਉਸ ਵਿਚ ਨਾ ਕੋਈ ਦ੍ਵੈਸ਼ (ਈਰਖਾ) ਭਾਵ ਹੈ, ਨਾ ਕੋਈ ਉਸਦਾ ਭੇਖ ਹੈ। ਉਹ ਅਕਾਰ ਤੋਂ ਰਹਿਤ ਹੈ ਅਤੇ ਸਦੀਵ ਕਾਲ ਹੈ। ਉਹ ਵੱਡੇ ਜੋਗੀਆਂ ਤੋਂ ਵੀ ਵੱਡਾ ਜੋਗੀ ਹੈ ਅਤੇ ਪਰਮ ਪਵਿਤਰ ਹੈ।

**ਅਜੇਯੰ ਅਭੇਯੰ ਅਨਾਮੰ ਅਠਾਮੰ ॥**
**ਮਹਾ ਜੋਗ ਜੋਗੰ ਮਹਾ ਕਾਮ ਕਾਮੰ ॥**
**ਅਲੇਖੰ ਅਭੇਖੰ ਅਨੀਲ ਅਨਾਦੰ ॥**
**ਪਰੇਯੰ ਪਵਿੱਤ੍ਰੰ ਸਦਾ ਨ੍ਰਿਬਿਖਾਦੰ ॥੬ ॥**

**ਸ਼ਬਦਾਰਥ —** ਅਜੇਯੰ-ਜੋ ਜਿਤਿਆ ਨਹੀਂ ਜਾ ਸਕਦਾ। ਅਭੇਯੰ-ਜਿਸਦਾ ਭੇਦ ਨਾ ਪਾਇਆ ਜਾ ਸਕੇ। ਅਨੀਲੰ-ਅਣਗਿਣਤ। ਅਨਾਦੰ-ਜਿਸਦਾ ਕੋਈ ਮੁੱਢ ਨਹੀਂ। ਪਰੇਯੰ-ਸਭ ਤੋਂ ਪਰੇ। ਨ੍ਰਿਬਿਖਾਦੰ-ਝਗੜਿਆਂ ਤੋਂ ਰਹਿਤ।

**ਭਾਵਾਰਥ —** ਉਸਨੂੰ ਕੋਈ ਜਿੱਤ ਨਹੀਂ ਸਕਦਾ, ਨਾ ਹੀ ਉਸਦਾ ਕੋਈ ਭੇਦ ਪਾ ਸਕਦਾ ਹੈ। ਉਸਦਾ ਕੋਈ ਨਾਮ ਨਹੀਂ ਉਸਦਾ ਕੋਈ ਠਿਕਾਣਾ ਨਹੀਂ। ਉਹ ਜੋਗੀਆਂ ਵਿਚੋਂ ਮਹਾਂ ਜੋਗੀ ਅਤੇ ਭੋਗੀਆਂ ਵਿਚੋਂ ਸਭ ਤੋਂ ਵੱਡਾ ਭੋਗੀ ਹੈ। ਉਸਦਾ ਕੋਈ ਲੇਖਾ ਨਹੀਂ, ਉਹ ਭੇਖਾਂ ਤੋਂ ਪਰੇ ਹੈ, ਗਿਣਤੀ ਤੋਂ ਰਹਿਤ ਹੈ, ਅਤੇ ਉਸਦਾ ਕੋਈ ਮੁੱਢ ਨਹੀਂ, ਉਹ ਸਭ ਤੋਂ ਪਰੇ ਹੈ, ਪਵਿਤਰ ਹੈ ਅਤੇ ਸਦਾ ਝਗੜਿਆਂ ਤੋਂ ਰਹਿਤ ਹੈ।

**ਸੁ ਆਦੰ ਅਨਾਦੰ ਅਨੀਲੰ ਅਨੰਤੰ ॥**
**ਅਦ੍ਵੈਖੰ ਅਭੇਖੰ ਮਹੇਸੰ ਮਹੰਤੰ ॥**
**ਨ ਰੋਖੰ ਨ ਸੋਖੰ ਨ ਦ੍ਰੋਹੰ ਨ ਮੋਹੰ ॥**
**ਨ ਕਾਮੰ ਨ ਕ੍ਰੋਧੰ ਅਜੋਨੀ ਅਜੋਹੰ ॥੭ ॥**

**ਸ਼ਬਦਾਰਥ —** ਸੁ ਆਦੰ-ਉਹ ਸਭ ਦਾ ਮੁੱਢ ਹੈ। ਅਨਾਦੰ-ਜਿਸਦਾ ਕੋਈ ਮੁੱਢ ਨਹੀਂ। ਮਹੇਸੰ-ਮਹਾਨ ਹਸਤੀ। ਮਹੰਤੰ-ਉੱਤਮ। ਨ ਰੋਖੰ-ਜਿਸਨੂੰ ਰੋਸ ਨਹੀਂ ਆਉਂਦਾ। ਨ ਦ੍ਰੋਹੰ-ਧੋਖੇ ਤੋਂ ਬਿਨਾਂ। ਅਜੋਹੰ-ਨਾ ਦਿਸਣ ਵਾਲਾ।

**ਭਾਵਾਰਥ —** ਉਹ ਸਾਰਿਆਂ ਦਾ ਮੁੱਢ ਹੈ ਪਰ ਉਸਦਾ ਕੋਈ ਮੁੱਢ ਨਹੀਂ। ਉਹ ਕਿਸੇ ਗਿਣਤੀ ਵਿਚ ਨਹੀਂ ਆਉਂਦਾ, ਉਹ ਬੇਅੰਤ ਹੈ। ਉਹ ਕਿਸੇ ਦਾ ਦੋਖੀ ਨਹੀਂ, ਉਹ ਭੇਖਾਂ ਤੋਂ ਬਿਨਾਂ ਹੈ, ਉਹ ਅਤਿਅੰਤ ਵੱਡਾ ਸੁਆਮੀ ਹੈ ਅਤੇ ਉਹ ਅਤਿ ਉੱਤਮ ਹੈ। ਉਹ ਕਦੇ ਕਿਸੇ ਨਾਲ ਰੁੱਸਦਾ ਨਹੀਂ, ਉਹ ਸ਼ੋਕ ਤੋਂ ਰਹਿਤ ਹੈ। ਉਹ ਕਦੇ ਕਿਸੇ ਨਾਲ ਧੋਖਾ ਨਹੀਂ ਕਰ ਸਕਦਾ, ਅਤੇ ਨਾ ਹੀ ਮੋਹ ਦੇ ਜਾਲ ਵਿਚ ਫਸਦਾ ਹੈ, ਉਸ ਵਿੱਚ ਕਾਮ ਨਹੀਂ ਹੈ, ਅਤੇ ਉਸਨੂੰ ਕਦੇ ਕ੍ਰੋਧ ਨਹੀਂ ਆਉਂਦਾ। ਉਹ ਜਨਮ ਮਰਨ ਤੋਂ ਰਹਿਤ ਹੈ, ਅਤੇ ਉਹ ਦਿੱਸਦਾ ਨਹੀਂ।



Sri Satguru Jagjit Singh Ji eLibrary NamdhariElibrary@gmail.com

# ਤਾਰਾ ਸਿੰਘ ਅਨਜਾਣ ਦੀ "ਅੰਧੇਰੈ ਦੀਪਕੁ ਬਾਲੀਐ"

*ਹਰਜਿੰਦਰ ਸਿੰਘ ਕੰਵਲ*

ਸੂਖਮ ਮਾਨਵੀ ਭਾਵਾਂ ਦਾ ਪ੍ਰਗਟਾਵਾ ਕਰਨ ਲਈ ਪਰੰਪਰਾਗਤ ਦੋ ਵਿਧੀਆ ਹਨ-ਇਕ ਮੌਖਿਕ ਹੈ ਦੂਜੀ ਲਿਖਤੀ। ਇਹਨਾਂ ਦੋਵਾਂ ਵਿਧੀਆਂ ਦੀ ਦੁਵੰਡ ਵੀ ਸਥਾਪਤ ਹੋ ਚੁੱਕੀ ਹੈ। ਮੌਖਿਕ ਵਿਧੀ ਵਿਚ ਬੋਲ ਕੇ ਜਾਂ ਸੰਕੇਤਕ ਹਾਵਾਂ ਭਾਵਾਂ ਤੋਂ ਕੰਮ ਲਿਆ ਜਾਂਦਾ ਹੈ। ਇਕ ਅਧਿਆਪਕ ਬੱਚਿਆਂ ਨੂੰ 'ਚੁਪ ਕਰੋ' ਬੋਲ ਵੀ ਸਕਦਾ ਹੈ ਅਤੇ ਆਪਣੇ ਮੂੰਹ ਅੱਗੇ ਉਂਗਲੀ ਕਰਕੇ 'ਚੁਪ ਰਹਿਣ' ਦਾ ਆਦੇਸ਼ ਵੀ ਦੇ ਸਕਦਾ ਹੈ। ਅਭਿਨੈ ਦਾ ਕਾਰਨ ਮੌਖਿਕ ਵਿਧੀ ਦੀ ਉੱਤਮ ਮਿਸਾਲ ਪ੍ਰਸਤੁਤ ਕਰਦਾ ਹੈ। ਲਿਖਤੀ ਵਿਧੀ ਨੂੰ ਸਾਹਿਤ ਆਖਿਆ ਜਾਂਦਾ ਹੈ। ਸਾਹਿਤ ਰਚਨਾ ਦੇ ਵੀ ਦੋ ਵੱਡੇ ਪਿੜ ਹਨ- ਇਕ 'ਗਦ' ਹੈ ਦੂਜਾ 'ਪਦ'। ਅੱਗੇ ਚਲਕੇ 'ਗਦ' ਅਤੇ 'ਪਦ' ਦੀ ਵੰਡ ਦਾ ਬਹੁ ਵਿਸਥਾਰ ਹੈ ਜੋ ਵਿਸਮਾਦੀ ਚਿੰਤਨ ਦੇ ਰੂਪ ਵਿਚ ਨਮੂਦਾਰ ਹੁੰਦਾ ਹੈ।

ਸੰਤ ਤਾਰਾ ਸਿੰਘ 'ਅਨਜਾਣ' ਜੀ ਦੀ ਤਾਜ਼ਾ ਤਰੀਨ "ਅੰਧੇਰੈ ਦੀਪਕੁ ਬਾਲੀਐ" ਗਦ ਸਾਹਿਤ ਦੇ ਨਿਬੰਧ ਰੂਪ ਵਿਚ ਮੇਰੇ ਸਨਮੁਖ ਹੈ। ਆਪ ਜੀ ਨੇ ਇਹ ਉਤਕ੍ਰਿਸ਼ਟ ਕਿਰਤ ਮੈਨੂੰ ਪਿਛਲੀ ਭਾਰਤ ਯਾਤਰਾ ਦੌਰਾਨ, ਅਤਿਅੰਤ ਸੁਹਿਰਦਤਾ ਨਾਲ ਭੇਟ ਕੀਤੀ ਸੀ। ਮੈਂ ਇਸ ਵਡਮੁਲੇ ਤੋਹਫੇ ਨੂੰ ਆਪਣੀਆਂ ਹੋਰ ਪੁਸਤਕਾਂ ਨਾਲ ਸਮੁੰਦਰੀ ਡਾਕ ਰਾਹੀਂ ਇੰਗਲੈਂਡ ਵਿਖੇ ਆਪਣੇ ਗ੍ਰਹਿ ਨੂੰ ਭੇਜਣ ਦੀ ਅਵੱਗਿਆ ਕੀਤੀ। ਇਹ ਪਾਰਸਲ ਕੁਝ ਦੇਰ ਨਾਲ ਇਥੇ ਪੁੱਜੇ ਹਨ। ਨਵੀਂ ਪੁੱਜੀ ਇਸ ਲਾਇਬ੍ਰੇਰੀ ਵਿਚੋਂ ਮੈਂ 'ਅਨਜਾਣ' ਜੀ ਦੀ ਸਿਰਜਨਾਤਮਕ ਰਚਨਾ ਨੂੰ ਨਿਖੇੜ ਕੇ ਬੜੀ ਨੀਝ ਅਤੇ ਰੀਝ ਨਾਲ ਵਾਚਿਆ। ਇਸ ਪੁਸਤਕ ਦਾ ਅਧਿਐਨ ਮੇਰੇ ਵਿਅਕਤੀਤਵ ਉੱਤੇ ਗਹਿਰ ਗੰਭੀਰ ਢੰਗ ਨਾਲ ਹਾਵੀ ਹੋ ਗਿਆ, ਕਹਿੰਦੇ ਨੇ ਦਿਮਾਗ ਦੀ ਜਿਹਬਾ 'ਗਦ' ਹੈ ਅਤੇ ਦਿਲ ਦੀ 'ਪਦ'। ਮੈਂ ਇਸ ਰਚਨਾ ਦੇ ਪਾਠ ਤੋਂ ਐਨਾ ਪ੍ਰਭਾਵਤ ਹੋਇਆ ਕਿ ਇਸ 'ਗਦਾਤਮਿਕ' ਪ੍ਰਸਤਾਵਨਾ ਦਾ ਵਿਸ਼ਲੇਸ਼ਨ 'ਪਦਾਤਮਿਕ' ਵਿਧੀ ਨਾਲ ਕਰਨ ਦਾ ਮਨ ਬਣਾ ਲਿਆ। ਨਤੀਜੇ ਦੇ ਤੌਰ ਤੇ 'ਅਨਜਾਣ' ਜੀ ਦੇ ਉਤਮ ਗਿਆਨ—ਭਰੇ ੩੯ ਨਿਬੰਧਾਂ ਉੱਤੇ ਛੰਦਾਤਮਿਕ ਟਿੱਪਣੀ ਦਾ ਢੋਆ ਬੜੇ ਚਾਅ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਅੰਧੇਰੈ ਦੀਪਕੁ ਬਾਲੀਐ

ਜਿਸ ਪਾਸੇ ਸੰਗ ਦੁਰਮਤਿ ਵੰਡੇ, ਵੋਹਾ ਪਾਸਾ ਢਾਲੀਐ।<br>
ਕਲਿਜੁਗ ਦੀ ਭਟਕਣ ਹੈ ਕਾਲਖ, ਅੰਧੇਰੈ ਦੀਪਕੁ ਬਾਲੀਐ।

ਤਾਰਾ ਸਿੰਘ ਹੈ ਸੁਘੜ ਸਿਆਣਾ, ਜਿਸ ਵਿਚ ਕੋਈ ਕਾਣ ਨਹੀਂ।<br>
ਧਰਮ ਗ੍ਰੰਥ ਦਾ ਪ੍ਰਮੁਖ ਜਾਣੂ, ਨਿਸਚੈ ਹੀ ਅਨਜਾਣ ਨਹੀਂ,<br>
ਲੇਖ ਰਚੇ ਉਣਤਾਲੀ ਪੂਰਨ, ਲੇਖਣੀ ਦਾ ਕੋਈ ਹਾਣ ਨਹੀਂ।<br>
ਉਦਮ ਕਰੋ ਤੇ ਵਧੋ ਅਗੇਰੇ, ਜਫਰ ਸਦਾ ਹੀ ਜਾਲੀਐ,<br>
ਅੰਧੇਰੈ ਦੀਪਕੁ ਬਾਲੀਐ।

ਜੱਗ ਦੀ ਰਚਨਾ ਝੂਠ ਪਸਾਰਾ, ਸੱਚੀ ਧੁਰ ਦੀ ਬਾਣੀ,<br>
ਬਹੁੜ ਨਾ ਜਨਮ ਲਵੀਂ ਇਸ ਜੱਗ ਤੇ, ਪੱਕੀ ਧਾਰ ਪ੍ਰਾਣੀ।<br>
ਭਗਤਿ ਭਾਇ ਤਰੀਐ ਸੰਸਾਰੋਂ, ਭਗਤੀ ਸੇਵ ਕਮਾਣੀ।<br>
ਸਾਵਣੁ ਤਿਨਾ ਸੁਹਾਗਣੀ ਹੋਵੇ, ਪਿਰ ਕੀ ਲਜਿਆ ਪਾਲੀਐ,<br>
ਅੰਧੇਰੈ ਦੀਪਕੁ ਬਾਲੀਐ।

ਨਾਨਕ ਸਾਵਣਿ ਜੇ ਵਸੈ, ਦੂਖ ਨਾ ਆਵਨ ਨੇੜੇ।<br>
ਰਿਦੈ ਚਿਤਾਰਿ ਸਦਾ ਗੁਰਮੰਤ੍ਰ, ਛੱਡ ਦੁਨੀਆਂ ਦੇ ਝੇੜੇ।<br>
ਦੋਇ ਕਰ ਜੋਰਿ ਕਰਉ ਅਰਦਾਸ, ਅਮਲੀਂ ਹੋਣ ਨਬੇੜੇ।<br>
ਸੱਚੇ ਸਾਹਿਬ ਦੇ ਮੁਤਲਾਸ਼ੀ, ਤਿਸ ਨੂੰ ਨਿਸ ਦਿਨ ਭਾਲੀਐ,<br>
ਅੰਧੇਰੈ ਦੀਪਕ ਬਾਲੀਐ।

ਜੇ ਤੁਧ ਨੂੰ ਕੋਈ ਮੰਦਾ ਬੋਲੇ, ਤੂੰ ਨਾ ਮੰਦਾ ਬੋਲੀਂ।<br>
ਪੈਰ ਤਿਨ੍ਹਾਂ ਦੇ ਚੁੰਮ ਕੇ ਪ੍ਰਾਣੀ, ਜਿੰਦੜੀ ਤਿਸ ਤੇ ਘੋਲੀਂ।<br>
ਨਿਹਤੇ ਪੰਜ ਜੁਆਨ ਮੈਂ ਦੇਹ ਵਿਚ, ਸਿਦਕੋਂ ਮੂਲ ਨਾ ਡੋਲੀਂ।<br>
ਵਿਚ ਬਾਣੀ ਹਨ ਅੰਮ੍ਰਿਤ ਸਾਰੇ, ਅੰਮ੍ਰਿਤ ਦਾਤ ਸੰਭਾਲੀਐ,<br>
ਅੰਧੇਰੈ ਦੀਪਕ ਬਾਲੀਐ।

---

* ਲੇਖਕ ਤਾਰਾ ਸਿੰਘ ਅਨਜਾਣ<br>
ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਚਾਂਦੀਨ ਚੌਕ ਦਿਲੀ ੬ ਮੁੱਲ ੧੨੦ ਰੁਪਏ



Sri Satguru Jagjit Singh Ji eLibrary NamdhariElibrary@gmail.com

ਭ ਤੋਂ ਉਪਰ ਨਾਮ ਹੈ ਜਗ ਵਿਚ, ਨਾਮ ਬੈਕੁੰਠੀ ਜਾਵੇ।
ਵਿ ਅਨੰਦ ਘਣਾ ਦਿਨ ਰਾਤੀਂ, ਨਾਮ ਪਰਮ ਪਦ ਅਵੇ।
ਰਜੈ ਲੋਗ ਅਜਾਨੁ ਨਾਮ ਤੋਂ, ਮੂਰਖ ਕਾਰੇ ਲਾਵੇ।
ਬਨ ਹਰਿ ਨਾਮ ਨਾ ਛੁਟੀਐ ਜਗ ਤੋਂ, ਭ੍ਰਮੀਐ ਤਾਲ ਬੇ-ਤਾਲੀਐ,
ਅੰਧੇਰੈ ਦੀਪਕੁ ਬਾਲੀਐ।

ਰਖ ਲੋਕ ਅਜਾਨੁ ਸਦਾ ਹੀ, ਨਿਹਫਲ ਕਰਮ ਨੇ ਕਰਦੇ।
ਸਿਆਂ ਕਰਹਿ ਤਿਨਾੜੀਆਂ ਹਰਦਮ, ਜਨ ਦੀ ਚੱਟੀ ਭਰਦੇ।
ੰਤਰਿ ਤ੍ਰਿਸ਼ਨਾ ਅਗਿ ਹੈ ਬਲਦੀ, ਬਾਹਰ ਪਾਏ ਪਰਦੇ।
ਇ ਸਤਿਗੁਰੂ ਪੁਰਖ ਹੈ ਬੰਦਿਆ, ਜਿਸ ਲਈ ਸੁਰਤ ਸਮਾਲੀਐ,
ਅੰਧੇਰੈ ਦੀਪਕ ਬਾਲੀਐ।

ਬਨ ਸਤਿਗੁਰੂ ਕੋ ਨਾਉ ਨਾ ਪਾਏ, ਬਿਨ ਸਤਿਗੁਰ ਨਹੀਂ ਸੋਈ।
ਨ ਬੇਚੈ ਸਤਿਗੁਰ ਕੇ ਪਾਸੇ, ਸਤਿਗੁਰ ਦਾਤਾ ਜੋਈ।
ਡੀਐ ਨਾਹੀਂ ਸਮੁੰਦ੍ਰਾ ਸਤਿਗੁਰ, ਬੂੰਦ ਪ੍ਰਾਪਤ ਹੋਈ।
ਤਿਗੁਰ ਦੀ ਮੂਰਤ ਵਿਚ ਸੱਜਣਾ, ਮਾਨਸ ਦੇਹ ਨੂੰ ਢਾਲੀਐ,
ਅੰਧੇਰੈ ਦੀਪਕੁ ਬਾਲੀਐ।

ਹ ਦੀ ਬਿਰਤੀ ਹੈ ਨੂਰਾਨੀ, ਬੰਦਗੀ ਰੂਹ ਦਾ ਖਾਜਾ।
ਤਸ ਸੰਗ ਗੁਰੂ ਪ੍ਰਾਪਤ ਹੋਵੇ, ਸਵਰੇ ਅੰਤਰ ਕਾਜਾ।
ਰਸਿੱਖੀ ਦਾ ਸਿੱਖਣਾ ਔਖਾ, ਗੁਰ ਸਮ ਕੋ ਨਾ ਰਾਜਾ।
ਾਣਾ ਮੰਨੇ ਸੋ ਸੁਖ ਪਾਵੇ, ਸਿਖ ਸਰੂਪ ਸੁਹਾਲੀਐ,
ਅੰਧੇਰੈ ਦੀਪਕੁ ਬਾਲੀਐ।

ਕਮ ਬੂਝ ਪਰਮ ਪਦ ਪਾਈ, ਹੁਕਮ ਹੀ ਧੜਾ ਹਮਾਰਾ।
ਨ ਜੀਤੈ ਜਗੁ ਜਿਤਿਆ ਮਾਨਵ, ਜਿਤਿਆ ਸਭ ਸੰਸਾਰਾ।
ਝੋ ਨਾ ਬਈ ਜਾਣ ਦਿਓ ਕਿ, ਸਤਿਸੰਗ ਜੀਵਨ ਸਾਰਾ।
ਤਿਸੰਗ ਆਦਿ ਜੁਗਾਦੀ ਹੋਵੈ, ਸਤਿ ਸੰਗ ਹੀ ਸਮਕਾਲੀਐ,
ਅੰਧੇਰੈ ਦੀਪਕੁ ਬਾਲੀਐ।

ਰ ਚੰਦ੍ਰਦੋਯ ਕੌਮੁਦੀ ਦਰਸ਼ਨ, ਕੋਮਲ ਕੰਵਲ ਨਿਆਈਂ।
ਨਕ ਤੋਂ ਗੁਰੂ ਰਾਮ ਸਿੰਘ ਸਭ ਇਕੋ ਹੀ ਪਰਛਾਈਂ।
ਦੈ ਕਮਲ ਵਿਚ ਹਰਿ ਦਾ ਵਾਸਾ, ਵਿਗਸੈ ਸੂਖਮ ਸਾਈਂ।
ਬ੍ਰਹਿਮੰਡੇ, ਸੋਈ ਪਿੰਡੇ, ਸੱਚੋ ਸੱਚ ਸਵਾਲੀਐ,
ਅੰਧੇਰੈ ਦੀਪਕੁ ਬਾਲੀਐ।

ਦ ਕੋਈ ਬੰਦਾ ਕਰੇ ਉਪੱਦਰ, ਸਾਈਂ ਤੋਂ ਹੈ ਡਰਦਾ।
ਈ ਨਾ ਉਸਨੂੰ ਦੇਖੇ ਪਰਖੇ, ਪਾਵੇ ਭੁਲ ਤੇ ਪਰਦਾ।
ਕ-ਲਾਜ ਵਿਚ ਨਜ਼ਰੋਂ ਡਿਗਿਆ, ਮਿੰਨਤਾਂ ਤਰਲੇ ਕਰਦਾ।
ਪਣੇ ਕੱਚ ਨੂੰ ਸੱਚੀ ਦਰਗਾਹ, ਸਾਬਤ ਕੱਚ ਵੇਖਾਲੀਐ,
ਅੰਧੇਰੈ ਦੀਪਕੁ ਬਾਲੀਐ।

ਠੰਢੇ ਜਿਨ੍ਹਾਂ ਦਿਮਾਗ ਨੇ ਰੱਖੇ, ਲੰਮੀ ਉਮਰਾਂ ਭੋਗਣ।
ਜਿਤ ਪੀਤੈ ਮਤਿ ਦੂਰਿ ਹੋ ਜਾਵੇ, ਮੁਕਤ ਹੋਣ ਸਭ ਰੋਗਣ।
ਭਲਾ ਬੁਰੇ ਦਾ ਕਰਨ ਹਮੇਸ਼ਾਂ, ਜੀਣ ਹੰਢਾਵਣ ਜੋਗਣ।
ਇਸ ਸਰਿਸ਼ਟੀ ਵਿਚ ਐਸੇ ਮਾਨਵ, ਹਰ ਖੰਡ ਵਿਚੋਂ ਭਾਲੀਐ,
ਅੰਧੇਰੈ ਦੀਪਕੁ ਬਾਲੀਐ।

ਅਲਮਲ ਖਾਈ ਸਿਰ ਛਾਈ ਪਾਈ, ਸਤਿਗੁਰ ਹੈ ਫਰਮਾਇਆ।
ਵੀਹਵੀਂ ਸਦੀ 'ਚ ਨਸ਼ਿਆਂ ਦਾ ਹੈ, ਦੌਰ ਕਸੂਤਾ ਆਇਆ।
ਦਾਰੂ, ਪੋਸਤ, ਫੀਮ, ਭੰਗ ਤੇ, ਡਰੱਗ ਨੇ ਭੜਥੂ ਪਾਇਆ।
ਜਿਤ ਪੀਤੇ ਮਤਿ ਦੂਰਿ ਹੋਇ, ਉਹ ਕਾਹੇ ਜ਼ਹਿਰ ਪਿਆਲੀਐ।
ਅੰਧੇਰੈ ਦੀਪਕੁ ਬਾਲੀਐ।

ਲਾਡਲੀਆਂ ਫੌਜਾਂ ਦਾ ਸੇਵਨ, ਸੁਣਿਆ ਸੁੱਖ ਨਿਧਾਨਾ।
ਮੂਲ ਹੈ ਜੋ ਨਸ਼ਿਆ ਦਾ ਜੋ ਵੀਰੋ, ਨਾ ਮਾਨਾ, ਨਾ ਤਾਨਾ।
ਦੁਰਲਭ ਮਾਨਸ ਗੁਰੂ ਨੇ ਦਸਿਆ, ਉਸ ਮਾਰਗ ਤੇ ਚਾਲੀਐ,
ਅੰਧੇਰੈ ਦੀਪਕੁ ਬਾਲੀਐ।

ਜੀਵ ਅੰਸ਼ ਹੈ ਪਰਮ ਜੋਤ ਦਾ, ਜੋਤੀ ਜੋਤ ਸਮਾਨਾ।
ਕੰਤ ਮਿਲਿਓ ਮੇਰੇ ਸਭ ਦੁਖ ਜੋਹਿਓ, ਮਿਟਿਓ ਆਵਨ ਜਾਨਾ।
ਹਭੇ ਸਾਕ ਕੂੜਾਵੇ ਡਿੱਠੇ, ਪੱਲੇ ਤੈਂਡੇ ਲਾਨਾ।
ਪਤਨੀ ਦੀ ਪਤ ਰੱਖਣ ਖਾਤਰ, ਲੰਮੀ ਨਦਰ ਨਿਹਾਲੀਐ,
ਅੰਧੇਰੈ ਦੀਪਕੁ ਬਾਲੀਐ।

ਗੁਰੂ ਨਾਨਕ ਪਰਵਚਨ ਕਰੇ ਹਨ, ਦੁਖੀਆ ਸਭ ਸੰਸਾਰਾ।
ਸੁਖ ਦੁਖ ਦੋਨੋ ਸਮ ਕਰ ਜਾਣੋ, ਮਰੇ ਵਿਰੋਧ ਵਿਕਾਰਾ।
ਸੁਖ ਹੈ ਛਿਣ ਪਲ ਭੰਗਰ ਮੇਲਾ, ਦੁਖ ਦਾ ਬਹੁ ਵਿਸਤਾਰਾ।
ਸੁਖ ਦੁਖ ਸਾਰੇ ਕਾਲ ਦੇ ਵਸ ਹਨ, ਆਤਮ ਰੂਪ ਅਕਾਲੀਐ,
ਅੰਧੇਰੈ ਦੀਪਕੁ ਬਾਲੀਐ।

ਝਝੈ ਕਦੇ ਨ ਝੂਰਹਿ ਮੂੜੇ, ਮਹਾਂ ਰੋਗ ਹੈ ਝੂਰਨ।
ਝੂਰਨ ਤੋਂ ਹੈ ਮੁਕਤ ਕਰਾਂਦਾ, ਸਤਿਗੁਰ, ਸੱਚਾ ਪੂਰਨ।
ਜੇ ਝੂਰਨ ਤੋਂ ਬਚ ਗਿਓਂ ਪ੍ਰਾਣੀ, ਜੀਵਨ-ਮੁਕਤ, ਸੰਪੂਰਨ।
ਝੂਰਨ ਨਾਸ ਕਰੇ ਜੀਵਨ ਨੂੰ, ਭਾਵੇਂ ਕਿੰਨੇ ਜਫਰ ਜਾਲੀਐ,
ਅੰਧੇਰੈ ਦੀਪਕੁ ਬਾਲੀਐ।

ਤਾਰਾ ਸਿੰਘ ਅਨਜਾਣ ਦਾ ਦੀਪਕੁ, ਆਦਿ ਅੰਤੋਂ ਤਕ ਪੜ੍ਹਿਆ।
ਅਵਚੇਤਨ ਵਿਚ ਭਾਵਾਂ ਦਾ ਹੜ੍ਹ, ਵਿਚ 'ਕੰਵਲ' ਹੈ ਖੜ੍ਹਿਆ।
ਹਰ ਇਕ ਅੱਖਰ ਮਾਣਕ-ਮੋਤੀ, ਸੁਰਤੀ ਵਿਚ ਹੈ ਮੜ੍ਹਿਆ।
ਬਲਿਹਾਰੇ 'ਅਨਜਾਣ' ਕਲਮ ਦੇ, ਸੁਗਮ ਸੁਰਤ ਰਖਵਾਲੀਐ,
ਅੰਧੇਰੈ ਦੀਪਕੁ ਬਾਲੀਐ।

✡


Sri Satguru Jagjit Singh Ji eLibrary NamdhariElibrary@gmail.com

# ਅਗਮ ਕਥਾ

## ਆਸ, ਅਰਦਾਸ ਤੇ ਸੰਘਰਸ਼ ਦੇ ਸੰਕਲਪ ਨੂੰ ਬਿਆਨਦੀ ਕਿਤਾਬ

—ਸੁਰਜੀਤ ਪਾਤਰ

(੧)

ਹਿੰਦੀ ਕਵੀ ਕੁਮਾਰ ਵਿਕਲ ਦੀਆਂ ਸਤਰਾਂ ਹਨ :
"ਮੈਂ ਛੋਟੀਆਂ ਛੋਟੀਆਂ ਲੜਾਈਆਂ ਵਿਚ ਏਨਾ ਥੱਕ ਗਿਆ ਹਾਂ ਕਿ ਕਿਸੇ ਵੱਡੀ ਲੜਾਈ ਦੇ ਕਾਬਿਲ ਨਹੀਂ ਰਿਹਾ।"

ਗੁਰਭਜਨ ਗਿੱਲ ਦੀ ਨਵੀਂ ਕਾਵਿ-ਪੁਸਤਕ ਕਿਸੇ ਵੱਡੀ ਲੜਾਈ ਲੜਨ ਦੀ ਲੋੜ ਦਾ ਜ਼ੋਰਦਾਰ ਅਹਿਸਾਸ ਕਰਵਾਉਂਦੀ ਹੈ, ਜਿਹੜੀ ਲੜਾਈ ਅਨੇਕਾਂ ਮੁਹਾਜ਼ਾਂ ਉਤੇ ਗੁਪਤ ਪਰਗਟ ਅਨੇਕਾਂ ਸੰਸਥਾਵਾਂ, ਵਿਅਕਤੀਆਂ, ਗੀਤਾਂ, ਰੁਚੀਆਂ ਤੇ ਬਿਰਤੀਆਂਦੇ ਖਿਲਾਫ਼ ਲੜੀ ਜਾਣੀ ਹੈ— ਆਰਥਿਕ ਸ਼ੋਸ਼ਨ ਦੇ ਖਿਲਾਫ਼, ਸਭਿਆਚਾਰਕ ਪ੍ਰਦੂਸ਼ਣ ਦੇ ਖਿਲਾਫ਼, ਕਾਲੇ ਹੁਕਮਾਂ ਦੇ ਖ਼ਿਲਾਫ਼, ਸਾਰੇ ਨਿਜ਼ਾਮ ਦੇ ਖ਼ਿਲਾਫ਼, ਖੜੋਤ ਦੇ ਖ਼ਿਲਾਫ਼, ਨਸ਼ੀਲੇ ਪਦਾਰਥਾਂ ਤੇ ਜ਼ਹਿਰਾਂ ਦੇ ਮੁਸ਼ਟੰਡਿਆਂ ਦੇ ਖ਼ਿਲਾਫ਼, ਦੂਰਦਰਸ਼ਨ ਤੇ ਹੋਰ ਚੈਨਲਾਂ ਰਾਹੀਂ ਸਾਡੇ ਘਰਾਂ ਵਿਚ ਨਿਰਵਸਤਰ ਸਦਾਚਾਰ ਦੇ ਪਰਚਾਰ ਕਰਨ ਵਾਲੇ ਮੁਸ਼ਟੰਡਿਆਂ ਦੇ ਖ਼ਿਲਾਫ਼, ਟੂਣੇ ਟਾਮਣ ਜਾਦੂ ਤਵੀਤ ਅੰਧਵਿਸ਼ਵਾਸ ਦੇ ਖ਼ਿਲਾਫ਼ ਗਫ਼ਲਤ ਤੇ ਨਾਲਾਇਕੀ ਦੇ ਖ਼ਿਲਾਫ਼ ਰੰਗ ਬਰੰਗੇ ਨਾਅਰਿਆਂ ਦੇ ਗੁਬਾਰਿਆਂ ਦੇ ਖ਼ਿਲਾਫ਼, ਯੋਜਨਾ ਭਵਨਾਂ ਵਿਚ ਬੈਠੇ ਜੁਗਾੜਪੰਥੀਆਂ ਦੇ ਖ਼ਿਲਾਫ਼, ਅਬਦਾਲੀਆਂ ਹਿਟਲਰਾਂ ਮੁਸੋਲੀਨੀਆਂ ਦੇ ਖ਼ਿਲਾਫ਼, ਉਸ ਧੌਲਦਾੜ੍ਹੀਏ ਲਾਣੇ ਦੇ ਖ਼ਿਲਾਫ਼, ਜਿਸਨੇ ਇਸ ਮਹਾਨ ਦੇਸ਼ ਨੂੰ ਇਕ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ, ਫ਼ੈਸ਼ਨ ਮੁਖੀ ਸਾਹਿਤਕ ਵਾਦਾਂ ਦੇ ਖ਼ਿਲਾਫ਼, ਪਥਰੀਲੇ ਅਹਿਸਾਸਾਂ ਦੇ ਖ਼ਿਲਾਫ਼। ਅਸੀਂ ਜ਼ਿੰਦਗੀ ਵਿਚ ਨਿੱਕੀਆਂ ਨਿੱਕੀਆਂ ਲੜਾਈਆਂ ਵਿਚ ਇਉਂ ਗਲਤਾਨ ਰਹਿੰਦੇ ਹਾਂ ਕਿ ਉਪਰੋਕਤ ਦੁਸ਼ਮਣਾਂ ਦੇ ਖ਼ਿਲਾਫ਼ ਲੋੜੀਂਦੇ ਅਸਲੀ ਮਾਨਵੀ ਯੁੱਧ ਨੂੰ ਵਿਸਾਰੀ ਹੀ ਰੱਖਦੇ ਹਾਂ। ਸਾਡੇ ਤਥਾ-ਕਥਿਤ ਵਿਰੋਧੀਆਂ ਪਿੱਛੇ , ਸਾਡੇ ਅਸਲੀ ਦੁਸ਼ਮਣ ਆਪਣੀ ਹੁਸ਼ਿਆਰੀ ਨਾਲ ਜਾਂ ਸਾਡੀ ਅਗਿਆਨ ਕਾਰਣ ਛੁਪੇ ਰਹਿੰਦੇ ਹਨ ਤੇ ਅਸੀਂ ਆਪਣੇ ਦੋਸਤਾਂ ਜਾਂ ਆਪਣੇ ਪਰਛਾਂਵਿਆਂ ਨਾਲ ਲੜਦੇ ਹੀ ਆਪਣਾ ਜੀਵਨ ਗੁਜ਼ਾਰ ਦਿੰਦੇ ਹਾਂ। ਕਈ ਵਾਰ ਅਸਲੀ ਦੁਸ਼ਮਣ ਸਾਡੇ ਆਪਣੇ ਹੀ ਅੰਦਰ ਛੁਪਿਆ ਹੁੰਦਾ ਹੈ, ਜਿਸਨੂੰ ਅਸੀਂ ਕਦੀ ਪਹਿਚਾਣਦੇ ਨਹੀਂ। ਬੁੱਲੇ ਸ਼ਾਹ ਦਾ ਕੌਲ ਹੈ —

ਬੁੱਲ੍ਹਿਆ ਹੋਰਾਂ ਨਾਲ ਤੂੰ ਨਿਤ ਨਿਤ ਲੜਦਾ
ਕਦੇ ਆਪਣੇ ਆਪ ਨਾਲ ਲੜਿਆ ਹੀ ਨਹੀਂ

ਗੁਰਭਜਨ ਗਿੱਲ ਇਨ੍ਹਾਂ ਦੋਹਾਂ ਸਥਿਤੀਆਂ ਪ੍ਰਤੀ ਸਚੇਤ ਹੈ। ਉਸ ਦਾ ਕਥਨ ਹੈ :

ਉਸ ਅੰਨ੍ਹੇ ਕੁੱਤੇ ਦੇ ਖ਼ਿਲਾਫ਼ ਲੜਨਾ ਹੈ
ਜੋ ਹਵਾ ਨੂੰ ਹੀ ਭੌਂਕੀਂ ਜਾਂਦਾ ਹੈ ਰਾਤ ਦਿਨ

ਅਤੇ

ਹਾਲੇ ਤਾਂ ਲੜਨਾ ਹੈ
ਆਪਣੀਆਂ ਹੀ ਕਮੀਨਗੀਆਂ ਦੇ ਖ਼ਿਲਾਫ਼
ਜਿਨ੍ਹਾਂ ਦੀ ਰਾਖੀ ਲਈ ਆਦਮੀ ਹਰ ਰੋਜ਼
ਥੱਲੇ ਹੀ ਥੱਲੇ ਗਰਕਦਾ ਜਾ ਰਿਹਾ ਹੈ ਰਸਾਤਲ ਵੱਲ
ਆਪਣੇ ਦੁਆਲੇ ਰੇਤ ਦੀ ਕੰਧ ਖੜ੍ਹੀ ਕਰ ਬੈਠਾ ਹੈ
ਰੇਤ ਦੇ ਕਿਲੇ ਵਾਂਗ

ਇਸ ਲੰਮੀ ਤੇ ਬਹੁ-ਮੁਹਾਜ਼ੀ ਲੜਾਈ, ਜੋ ਅਜੇ ਸ਼ੁਰੂ ਕਰਨੀ ਹੈ, ਕਦੋਂ ਜਿੱਤੀ ਜਾਏਗੀ ? ਇਹ ਪ੍ਰਸ਼ਨ ਵੀ ਸਾਡੇ ਕਵੀ ਦੇ ਧਿਆਨ ਤੋਂ ਓਹਲੇ ਨਹੀਂ ਤੇ ਇਸ ਆਪਣੇ ਆਪ ਨੂੰ ਪੁੱਛੇ ਖ਼ਾਮੋਸ਼ ਪ੍ਰਸ਼ਨ ਦੇ ਉੱਤਰ ਵਿਚ ਕਵੀ ਦਾ ਜਵਾਬ ਬਹੁਤ ਅਰਥ-ਭਰਪੂਰ ਹੈ। ਕਵੀ ਦਾ ਕਥਨ ਹੈ—

ਲੰਮੀ ਲੜਾਈ ਵਿਚ
ਜਿੱਤ ਹਾਰ ਕੋਈ ਮਾਅਨਾ ਨਹੀਂ ਰੱਖਦੀ
ਮਹੱਤਵਪੂਰਨ ਹੁੰਦਾ ਹੈ
ਤੁਸੀਂ ਕਿਸ ਖ਼ਾਤਿਰ ਲੜ ਰਹੇ ਹੋ।

(੨)

ਇਸ ਕਾਵਿ-ਪੁਸਤਕ ਵਿਚ ਇਕ ਹੋਰ ਮਹੱਤਵਪੂਰਨ ਵਿਸ਼ਾ ਵੀ ਆਪਣੀ ਸਮਕਾਲੀ ਪ੍ਰਾਸੰਗਿਕਤਾ ਕਾਰਣ ਧਿਆਨ ਖਿੱਚਦਾ ਹੈ, ਉਹ ਹੈ ਆਪਣੀ ਰੋਜ਼ੀ ਰੋਟੀ ਖ਼ਾਤਰ ਪਿੰਡੋਂ ਆ ਕੇ ਸ਼ਹਿਰ ਵਸੇ ਵਿਅਕਤੀਆਂ ਦਾ ਪਿੰਡ ਨਾਲ ਬਦਲਦਾ ਰਿਸ਼ਤਾ। ਕਵਿਤਾ 'ਸ਼ਹਿਰਾਂ ਵਿਚ ਗੁਆਚ ਗਏ ਹਾਂ' ਇਸ ਸਿਲਸਿਲੇ ਵਿਚ ਇਕ ਮਹੱਤਵਪੂਰਣ ਕਵਿਤਾ ਹੈ ਜੋ ਇਨ੍ਹਾਂ ਅਰਥ- ਭਰਪੂਰ ਸਤਰਾਂ



Sri Satguru Jagjit Singh Ji eLibrary NamdhariElibrary@gmail.com

ਨਾਲ ਸ਼ੁਰੂ ਹੁੰਦੀ ਹੈ—

ਸ਼ਹਿਰੋਂ ਪਿੰਡ ਦਾ ਕਿੰਨਾ ਪੈਂਡਾ
ਰੋਜ਼ ਦਿਹਾੜੀ ਵਧ ਜਾਂਦਾ ਹੈ
ਏਸ ਦਾ ਮੈਨੂੰ ਇਲਮ ਨਹੀਂ ਸੀ

ਫਲੈਸ਼ ਬੈਕ ਦੀ ਤਕਨੀਕ ਵਿਚ ਲਿਖੀ ਇਹ ਕਵਿਤਾ ਪਿੰਡ ਦੀਆਂ ਸੁਹਾਵਣੀਆਂ ਯਾਦਾਂ ਨਾਲ ਓਤਪੋਤ ਹੈ। ਪਿਛੋਂ ਸ਼ਹਿਰ ਆ ਕੇ ਵਸੇ ਸਿਮਰਤੀਆਂ ਵਿਚ ਗੁਆਚੇ ਕਿਰਦਾਰ ਨੂੰ ਅਚਾਨਕ ਗੁੱਟ-ਘੜੀ ਦੇਖ ਕੇ ਦਫ਼ਤਰ ਜਾਣ ਦਾ ਖ਼ਿਆਲ ਆਉਂਦਾ ਹੈ—

ਮੈਂ ਫਸਲਾਂ ਦੇ ਬੰਨੇ ਬੈਠਾ
ਭੁਲ ਚੁਕਿਆ ਹਾਂ
ਗੁਟ ਤੋਂ ਘੜੀ ਅਚਾਨਕ ਵੇਖੀ
ਦਫ਼ਤਰ ਜਾਣ ਦਾ ਵੇਲਾ ਹੋਇਆ
ਮੈਂ ਫਿਰ ਵਾਹੋਦਾਹੀ ਭੱਜਾ
ਏਥੇ ਮੁੜ ਕੇ ਓਹੀ ਢਾਂਚਾ
ਟਾਂਗੇ ਵਾਲੇ ਘੋੜੇ ਵਾਂਗੂੰ
ਓਹੀ ਛਾਂਟਾ ਓਹੀ ਵਾਗ
ਉੱਚੀ ਉੱਚੀ ਵਾਜੇ ਵੱਜਣ ਬੇਤਰਤੀਬੇ
ਸਮਝ ਨਾ ਆਵੇ ਇਹ ਕੀ ਗਾਉਂਦੇ
ਇਸ ਵੇਲੇ ਬੇਵਕਤਾ ਰਾਗ

ਉਹ ਕਿਰਦਾਰ ਜਿਸਦੀ ਸੁਰ ਪਿੰਡ ਨਾਲ ਮਿਲਦੀ ਸੀ, ਜਿੱਥੇ ਵਕਤ ਘੜੀ ਵਿਚ ਬੱਝਿਆ ਨਹੀਂ ਸੀ ਹੁੰਦਾ, ਸਗੋਂ ਸਮੁੱਚੇ ਪੌਣਪਾਣੀ ਦਾ ਰਾਗ ਹੁੰਦਾ ਸੀ। ਉਸ ਲਈ ਘੜੀ ਤੋਂ ਪੁੱਛ ਕੇ ਸ਼ੁਰੂ ਹੋਈ ਗਤੀਵਿਧੀ ਦੀਆਂ ਆਵਾਜ਼ਾਂ ਦਾ ਬੇਵਕਤਾ ਰਾਗ ਲੱਗਣਾ ਬਿਲਕੁਲ ਸਹੀ ਇਜ਼ਹਾਰ ਹੈ। ਇਹ ਰਾਗ ਹੌਲੀ ਹੌਲੀ ਪਿੰਡੋਂ ਆਇਆਂ ਦੀ ਆਤਮਾ ਵਿਚ ਵੀ ਰਚਮਿਚ ਰਿਹਾ ਹੈ ਤੇ ਹੁਣ ਉਨ੍ਹਾਂ ਕੋਲ ਪਿੰਡ ਵਿਚ ਵਸ ਰਿਹਾਂ ਦੇ ਮਾਸੂਮ ਜਿਹੇ ਸਵਾਲ਼ ਦਾ ਵੀ ਜਵਾਬ ਨਹੀਂ। ਇਕ ਗ਼ਜ਼ਲ ਦਾ ਇਹ ਸ਼ੇਅਰ ਦੇਖੋ

ਪਿੰਡ ਵਾਲੇ ਪੁੱਛਦੇ ਨੇ ਫੇਰ ਕਦੋਂ ਆਵੇਂਗਾ
ਸ਼ਹਿਰ ਵਿਚ ਰਹਿੰਦਿਆਂ ਜਵਾਬ ਰੁੱਸ ਗਏ ਨੇ

ਭਾਂਵੇਂ ਪਿਛਲੇ ਸਾਲਾਂ ਵਿਚ ਪਿੰਡ ਵੀ ਉਹ ਨਹੀ ਰਹੇ, ਪਿੰਡਾ ਨੇ ਵੀ ਕਿੰਨੀ ਰੱਤ ਡੁੱਲ੍ਹਦੀ ਦੇਖੀ, ਕੁਫ਼ਰ ਤੋਂ ਕਿੰਨਾ ਹੌਲਾ ਹੋਇਆ ਈਮਾਨ ਵੇਖਿਆ, ਕਿੰਨੇ ਕਹਿਰ ਦੇਖੇ ਤੇ ਰਿਸ਼ਤਿਆਂ ਵਿਚ ਵਾਪਰ ਰਿਹਾ ਪੇਤਲਾਪਨ ਦੇਖਿਆ ਹੈ। ਸ਼ਾਇਦ ਏਸੇ ਲਈ ਗੁਰਭਜਨ ਦੀ ਕਵਿਤਾ ਵਿਚ ਇਹ ਧਰਤ ਦ੍ਰਿਸ਼ ਉਭਰਦਾ ਹੈ—

ਧਰਤੀ ਉਪਰ ਡੁਬਦਾ ਟੇਢਾ ਸੂਰਜ ਦੇਖੋ
ਮਾਂ ਦੀ ਹਿਕ ਵਿਚ ਖੋਭ ਰਿਹਾ ਏ ਸੂਹਾ ਖੰਜਰ

ਤਪਦੀ ਧਰਤੀ ਛਾਲੇ ਛਾਲੇ ਮਨ ਦਾ ਵਿਹੜਾ
ਦੱਸ ਏਥੇ ਕਿਸਰਾਂ ਆ ਕੇ ਛਣਕੇ ਝਾਂਜਰ

ਸੁਰਖ਼ ਲਹੂ ਪੀ ਕੇ ਸੂਹੇ ਹੋਏ
ਬਲਦਾ ਕੇਸੂ ਪਹਿਨ ਖੜ੍ਹਾ ਹੈ ਅਗ ਦੇ ਬਸਤਰ

(੩)

ਇਹ ਕਾਵਿ-ਸੰਗ੍ਰਹਿ ਪੰਜਾਬ ਦੇ ਸਰੋਕਾਰਾਂ ਤੇ ਦੁੱਖਾਂ ਸੁੱਖਾਂ ਨਾਲ ਡੂੰਘਾ ਜੁੜਿਆ ਹੋਇਆ ਹੈ, ਇਸ ਵਿਚ ਸੰਨ ਸੰਤਾਲੀ ਦੀ ਦੁਖਾਂਤਕ ਵੰਡ ਤੋਂ ਲੈ ਕੇ ਬੀਤੇ ਡੇਢ ਦੋ ਦਹਾਕਿਆਂ ਦੇ ਸੰਘਣੇ ਹਵਾਲੇ ਮਿਲਦੇ ਹਨ—

ਸਿਰ ਦੀ ਚੁੰਨੀ ਲਾਸ਼ ਪੁੱਤਰ ਦੀ ਤੇ ਪਾ ਅੱਗੇ ਤੁਰੀ
ਏਸ ਤੋਂ ਵਧ ਕੇ ਭਲਾ ਹੋਵੇਗੀ ਕਿਹੜੀ ਕਰਬਲਾ

ਬੰਦਿਆਂ ਤੇ ਰੋਕ ਸਰਹੱਦ ਤਾਰ ਕੰਡਿਆਲੀ ਖੜੀ
ਕੌਣ ਡੱਕ ਸਕਦਾ ਭਲਾ ਦੱਸ ਹਉਕਿਆਂ ਦਾ ਕਾਫ਼ਿਲਾ

ਰਾਵੀ ਤੇ ਬਿਆਸ ਮੈਨੂੰ ਕਈ ਵਾਰੀ ਪੁੱਛਿਆ
ਕਿਹੜੀ ਗੱਲੋਂ ਦੋਵੇਂ ਹੀ ਪੰਜਾਬ ਰੁਸ ਗਏ ਨੇ

ਮੰਨਿਆਂ ਹਕੂਮਤਾਂ ਦਾ ਆਪੋ ਵਿਚ ਵੈਰ ਏ
ਤੇਰੇ ਕਾਹਤੋਂ ਵੀਰਨਾ ਆਦਾਬ ਰੁਸ ਗਏ ਨੇ

ਵੰਝਲੀ ਨੂੰ ਪੁੱਛ ਖਾਂ ਭਰਾਵਾ ਮੀਆਂ ਰਾਂਝਿਆ
ਕੀਹਦੇ ਪਿੱਛੇ ਜੇਹਲਮ ਚਨਾਬ ਰੁਸ ਗਏ ਨੇ

ਮਾਂ ਪਿਉ ਜਾਏ ਮਾਰ ਮੁਕਾਏ
ਇਹ ਕਿੱਧਰਲੀ ਜੰਗ ਲੜੀ ਹੈ

ਕਿੱਥੇ ਪੈਰ ਧਰੋਗੇ ਏਥੇ
ਚਹੁੰ ਗਿੱਠਾਂ ਤੇ ਫੇਰ ਮੜ੍ਹੀ ਹੈ

ਡਰਦੀ ਵਾਜ ਨਾ ਸੰਘੋਂ ਨਿਕਲੇ
ਹਰ ਬੂਹੇ ਤੇ ਮੌਤ ਖੜੀ ਹੈ

ਸੂਈਆਂ ਪਿੱਛੇ ਘੂਮੀ ਜਾਵਣ
ਮੇਰੇ ਗੁੱਟ ਤੇ ਅਜਬ ਘੜੀ ਹੈ

(੪)

ਗੁਰਭਜਨ ਦੀ ਬੀਤੀ ਨਿੱਜੀ ਜ਼ਿੰਦਗੀ ਦੇ ਸੋਗ ਦੇ ਸਾਏ, ਜੀਵਨ ਵਿਚ ਅੰਗਸੰਗ ਰਹਿਣ ਵਾਲੀ ਸੰਵੇਦਨਸ਼ੀਲ ਤੇ ਮੋਹਵੰਤ


Sri Satguru Jagjit Singh eLibrary NamdhariElibrary@gmail.com

ਨਿੱਘ ਤੇ ਚਾਨਣ ਦੇਣ ਵਾਲੀ ਹਮਸਫ਼ਰ ਦਾ ਹਿਜਰ ਵੀ ਇਸ ਵਿਚ ਸੁਲਗਦਾ ਹੈ—

ਗੁਆਚਾ ਫਿਰ ਰਿਹਾਂ ਦੱਸੋ ਮੇਰਾ ਘਰਬਾਰ ਕਿੱਥੇ ਹੈ
ਹੁਣੇ ਜੋ ਉੱਡਦੀ ਸੀ ਪੰਛੀਆਂ ਦੀ ਡਾਰ ਕਿੱਥੇ ਹੈ

ਮੈਂ ਗੂੜ੍ਹੀ ਨੀਂਦ ਚੋਂ ਉੱਠਿਆਂ, ਵਿਖਾਓ ਦੋਸਤੋ ਮੈਨੂੰ
ਮੈ ਜਿਹੜਾ ਸੁਪਨਿਆਂ ਵਿਚ ਸਾਜਿਆ ਸੰਸਾਰ ਕਿੱਥੇ ਹੈ

(੫)

ਇਨ੍ਹਾਂ ਮਾਰੇ ਦੁਖਾਂਤਕ ਅਨੁਭਵਾਂ ਦੇ ਰੂਬਰੂ ਗੁਰਭਜਨ ਦੀ ਕਵਿਤਾ ਉਦਾਸੀ, ਆਕ੍ਰੋਸ਼ ਅਤੇ ਸੰਘਰਸ਼ ਦੇ ਸੰਕਲਪਾਂ ਵਿਚੋਂ ਲੰਘਦੀ ਹੈ। ਪੱਤਝੜ ਦੇ ਸੋਗੀ ਮਾਹੌਲ ਵਿਚ ਜਿਹੜੀ ਚੇਤਨਾ ਇਸ ਕਵਿਤਾ ਨੂੰ ਸ਼ਕਤੀ ਬਖ਼ਸ਼ਦੀ ਹੈ ਉਹ ਹੈ ਕੁਦਰਤ ਵਿਚ ਰੁੱਤਾਂ ਦਾ ਗੇੜ, ਖ਼ਿਜ਼ਾਂ ਤੋਂ ਬਾਅਦ ਆਉਣ ਵਾਲੀ ਬਹਾਰ ਦਾ ਪ੍ਰਾਕ੍ਰਿਤਕ ਨਿਸਚਾ ਤੇ ਮਾਨਵੀ ਦੇਹ ਦੇ ਅੰਤ ਤੋਂ ਬਾਅਦ ਵੀ ਵਿਚਾਰਾਂ ਦੇ ਜੀਊਂਦੇ ਰਹਿਣ ਦੀ ਸੰਸਕ੍ਰਿਤਕ ਧਰਵਾਸ—

ਹਰੇ ਕਚੂਰ ਦਰਖ਼ਤਾਂ ਵੱਲ ਤੂੰ ਦੇਖਿਆ ਕਰ ਤੇ ਸਮਝਿਆ ਕਰ
ਪਤਝੜ ਮਗਰੋਂ ਲਗਰਾਂ ਫੁੱਟਣ,
ਦੁਖ ਮਗਰੋਂ ਦਿਨ ਸੁੱਖਾਂ ਦੇ
ਅਤੇ

ਬਲਦੀ ਕੇਵਲ ਮਿੱਟੀ ਹੈ ਜਾਂ ਲੱਕੜੀਆਂ
ਮੜ੍ਹੀਆਂ ਅੰਦਰ ਸੜਦੇ ਨਹੀਂ ਵਿਚਾਰ ਕਦੇ

ਕੁਦਰਤ ਦੇ ਅਦਭੁਤ ਤੇ ਨਿਰੰਤਰ ਚਲਦੇ ਰੁੱਤ ਚੱਕਰ ਤੇ ਦੇਹੀ ਦੇ ਅੰਤ ਤੋਂ ਬਾਅਦ ਵੀ ਸੰਸਕ੍ਰਿਤਕ ਪ੍ਰਤੀਕਾਂ ਦੇ ਸਹਾਰੇ ਜੀਵੰਤ ਰਹਿੰਦੇ ਵਿਚਾਰਾਂ ਦੀ ਧਰਵਾਸ ਸਦਕਾ ਹੀ ਇਹ ਬ੍ਰਹਿਮੰਡ ਸਚੇਤ ਦੇਹੀ ਪ੍ਰਤੀਤ ਹੁੰਦੀ ਹੈ, ਜਿਸ ਅੱਗੇ ਦੁਆ ਕੀਤੀ ਜਾ ਸਕਦੀ ਹੈ—

ਨਵੇਂ ਮੌਸਮੀਂ ਇਸ ਧਰਤੀ ਤੇ ਰਬ ਮਿਹਰ ਕਰੇ
ਵਣ ਤ੍ਰਿਣ ਮੌਲਣ, ਮਹਿਕਣ ਚਹਿਕਣ
ਪਲਰਨ ਬਿਰਖ ਹਰੇ

ਚੰਦਰਮਾ ਸੂਰਜ ਤੇ ਦੀਵੇ ਸਨਮੁਖ ਨ੍ਹੇਰ ਮਰੇ
ਜਗਮਗ ਜੋਤ ਧਰਤ ਦੇ ਕੋਨ ਨੂਰੋ ਨੂਰ ਕਰੇ

ਇਸ ਧਰਤੀ ਦਾ ਕੋਨਾ ਕੋਨਾ ਇਹ ਅਰਦਾਸ ਕਰੇ
ਜਿਹੜੀ ਥਾਂ ਬੰਜਰ ਤੇ ਬੇਲਾ, ਓਥੇ ਫ਼ਸਲ ਭਰੇ

ਭੈਣਾਂ ਹੱਥ ਸੁਹਾਗ ਦਾ ਚੂੜਾ ਬੰਨ੍ਹਣ ਆਣ ਵਰੇ
ਤ੍ਰੇਲ ਦੇ ਮੋਤੀ ਬਿਖਰੇ ਵੇਖੋ, ਸ਼ਗਨ ਸਵੇਰ ਕਰੇ

ਤਪਦੀ ਧਰਤੀ ਮੀਂਹ ਮੰਗਦੀ, ਰਜ ਰਜ ਮੇਘ ਵਰ੍ਹੇ
ਦੁਸ਼ਮਣ ਦੀ ਵੀ ਅੱਖ ਵਿਚ ਅੱਥਰੂ ਹੁਣ ਨਾ ਜਾਣ ਜਰੇ

(੬)

ਆਦਿ ਜੁਗਾਦੀ ਪਿਆਰ ਤੇ ਕੁਦਰਤ ਪ੍ਰਤੀ ਮੋਹ ਵਾਲੀਆਂ ਸਤਰਾਂ ਵੀ ਇਸ ਪੁਸਤਕ ਦੀ ਇਕ ਸੁਰ ਬਣਦੀਆਂ ਹਨ। ਇਨ੍ਹਾਂ ਸਤਰਾਂ ਵਿਚ ਗ਼ਜ਼ਲ ਲਈ ਲੋੜੀਂਦੀ ਸੰਖੇਪਤਾ, ਭਾਸ਼ਾ ਸਮਰਥਾ ਤੇ ਕਲਾ ਕੁਸ਼ਲਤਾ ਵੀ ਦੇਖੀ ਜਾ ਸਕਦੀ ਹੈ—

ਤਾਰੇ ਟਾਂਵੇਂ ਟਾਂਵੇਂ ਨੇ
ਅੱਖਰ ਜਿਵੇਂ ਭੁਲਾਵੇਂ ਨੇ

ਜਿਹਨਾਂ ਤੋਂ ਤੂੰ ਡਰਦਾ ਏਂ
ਇਹ ਤਾਂ ਸਭ ਪਰਛਾਂਵੇਂ ਨੇ

ਅੱਖਾਂ ਵਿਚੋਂ ਨੀਂਦਰਾਂ ਤੇ ਖ਼ਾਬ ਰੁਸ ਗਏ ਨੇ
ਮਨ ਦੇ ਬਗੀਚੇ ਚੋਂ ਗੁਲਾਬ ਰੁਸ ਗਏ ਨੇ

ਕਾਹਨੂੰ ਮੈਨੂੰ ਪੁੱਛਦੇ ਓਂ ਕਿੱਥੇ ਗਈਆਂ ਰੌਣਕਾਂ
ਜਾਣਦੇ ਨਹੀਂ ਸਾਡੇ ਤਾਂ ਜਨਾਬ ਰੁੱਸ ਗਏ ਨੇ

ਰੂਹ ਦੀ ਪਿਆਸ ਮਟਾਵਣ ਖ਼ਾਤਰ ਪੁੱਠੇ ਖੂਹ ਨਹੀਂ ਗੇੜੀਦੇ
ਵਗਦੀ ਨੈਂ ਚੋਂ ਪਾਣੀ ਪੀਂਦੇ ਮਿਰਗ ਕਦੇ ਨਹੀਂ ਛੇੜੀਦੇ

ਪੌਣ ਜਿਵੇਂ ਤਿਰਹਾਈ ਹੋਵੇ
ਪਾਣੀ ਪੀਵਣ ਆਈ ਹੋਵੇ
ਰੋਜ਼ ਉਡੀਕਾਂ ਤੇਰੀ ਚਿੱਠੀ
ਪਹੁੰਚੇ ਤਾਂ ਜੇ ਪਾਈ ਹੋਵੇ

ਵਾਜ ਦਿਆਂਗਾ ਆਖੀਂ ਹਾਂ
ਹੁਣ ਨਹੀਂ ਆਪਾਂ ਵੰਡਣੀ ਛਾਂ

ਖਿੜਦੇ ਫੁਲ ਨੇ ਆਪ ਕਿਹਾ
ਦੇਖ ਮੈਂ ਤੇਰਾ ਬਚਪਨ ਹਾਂ

ਅਰਦਾਸ, ਆਸ ਤੇ ਸੰਘਰਸ਼ ਤੇ ਸੰਕਲਪ ਨੂੰ ਬਿਆਨਦੀ, ਸਰੋਦੀ ਸਤਰਾਂ ਸਿਰਜਣ ਦੇ ਸਮਰਥ ਤੇ ਪੰਜਾਬੀ ਗ਼ਜ਼ਲ ਨੂੰ ਸਹੀ ਅਰਥਾਂ ਵਿਚ ਪੰਜਾਬੀ ਬਣਾਉਣ ਵਿਚ ਯੋਗਦਾਨ ਪਾਉਣ ਵਾਲੀ ਇਸ ਪੁਸਤਕ ਨੂੰ ਜੀ ਆਇਆਂ ਕਹਿੰਦਿਆਂ ਮੈਂ ਇਸ ਵਿਸ਼ਵਾਸ ਦਾ ਧਾਰਨੀ ਹਾਂ ਕਿ ਇਹ ਪੁਸਤਕ ਮਾਨਵਤਾ, ਪੰਜਾਬ, ਸਰੋਦ ਤੇ ਗ਼ਜ਼ਲ ਨੂੰ ਪਿਆਰ ਕਰਨ ਵਾਲ ਪਾਠਕਾਂ ਦਾ ਧਿਆਨ ਅਤੇ ਪਿਆਰ ਅਵੱਸ਼ ਹੀ ਆਕਰਸ਼ਿਤ ਕਰੇਗੀ।

✡


Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

**BBL Foods Pvt. LTD.**

*Santosh nagar (X) Roads, Hyderabad-500 059 India*

Ph.:— +91-40-4530680, 82,84    Fax:— +91-40-4530475

*E-mail: amber @hd1. vsnl. net. in*

**Balvinder Pal Singh**
*Manging Director*

**Lakhbir Singh Muchhal** *Director*
**Bakhshish Singh Muchhal** *Director*




Sri Satguru Jagjit Singh Ji eLibrary NamdhariElibrary@gmail.com

## ਖ਼ਬਰਨਾਮਾ

# ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਸੁਰਿੰਦਰ ਗਿੱਲ ਦੀ "ਆਵਾਜ਼" ਤੇ ਸਫ਼ਲ ਗੋਸ਼ਟੀ ਹੋਈ

ਪੰਜਾਬੀ ਦੇ ਚਰਚਿਤ ਕਵੀ ਸੁਰਿੰਦਰ ਗਿੱਲ ਦੇ ਤਾਜ਼ਾ ਕਾਵਿ ਸੰਗ੍ਰਹਿ 'ਆਵਾਜ਼' ਉਪਰ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ੨੧ ਮਈ ਦਿਨ ਐਤਵਾਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇਕ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਡਾ. ਲਖਵਿੰਦਰ ਜੌਹਲ ਨੇ "ਸੁਰਿੰਦਰ ਗਿੱਲ ਦੀ ਨਿਰਛਲ ਆਵਾਜ਼" ਦੇ ਸਿਰਲੇਖ ਹੇਠ ਬਹੁਤ ਹੀ ਸੰਤੁਲਿਤ ਪਰਚਾ ਪੜ੍ਹਿਆ ਜਿਸ ਵਿਚ ਉਸ ਨੇ ਗਿੱਲ ਦੇ ੧੯੬੧ ਵਿਚ ਛਪੇ ਬਾਲ-ਕਾਵਿ ਸੰਗ੍ਰਹਿ 'ਬਾਲੜੀਆਂ ਮੁਸਕਾਨਾਂ' ਤੋਂ ਲੈ ਕੇ "ਸ਼ਗਨ", "ਸਫ਼ਰ ਤੇ ਸੂਰਜ", "ਗੂੰਗਾ ਦਰਦ", ਅਤੇ "ਆਵਾਜ਼" ਤੱਕ ਦੇ ਸਫ਼ਰ ਦੇ ਹਵਾਲੇ ਨਾਲ ਗਿੱਲ ਦੀ ਸ਼ਾਇਰੀ ਦੇ ਵਿਭਿੰਨ ਪੱਖਾਂ ਤੇ ਪਸਾਰਾਂ ਤੇ ਚਰਚਾ ਕੀਤੀ। ਡਾ. ਜੌਹਲ ਗਿੱਲ ਕਾਵਿ ਬਾਰੇ ਇਸ ਸਿੱਟੇ ਤੇ ਪੁੱਜੇ, "ਵਰਤਮਾਨ ਯਥਾਰਥ ਅਤੇ ਸਮਾਜ ਪ੍ਰਬੰਧ ਦੀ ਵਸਤੂ-ਸਥਿਤੀ ਨੂੰ ਕਾਵਿ-ਸਥਿਤੀ ਵਾਂਗ ਸਹਿਜ ਪ੍ਰਸਤੁਤ ਕਰ ਦੇਣ ਦੀ ਅਜਿਹੀ ਕਾਵਿ-ਜੁਗਤ ਸੁਰਿੰਦਰ ਗਿੱਲ ਨੂੰ ਸਰਬਕਾਲੀ ਕਾਵਿ ਸਮਰੱਥਾ ਵਾਲੇ ਕਵੀ ਵਜੋਂ ਸਥਾਪਤ ਕਰਦੀ ਦਿਸਦੀ ਹੈ। ਇਕ ਅਜਿਹੇ ਕਵੀ ਵਜੋਂ ਜੋ ਪ੍ਰਗਤੀਵਾਦੀ ਲਹਿਰ ਦੀ ਕਵਿਤਾ ਤੋਂ ਲੈ ਕੇ ਨਵੀਂ ਪੰਜਾਬੀ ਕਵਿਤਾ ਤੱਕ ਫੈਲਿਆ ਹੋਇਆ ਹੈ। ਜਿਸ ਵਿਚ ਪੜ੍ਹਨ ਯੋਗਤਾ ਵੀ ਹੈ ਅਤੇ ਲਿਖਣ ਯੋਗਤਾ ਵੀ।"

ਬਹਿਸ ਦਾ ਆਰੰਭ ਸੁਰਿੰਦਰ ਗਿੱਲ ਦੇ ਸਮਕਾਲੀ ਕਵੀ ਹਰਭਜਨ ਸਿੰਘ ਹੁੰਦਲ ਨੇ ਕੀਤਾ। ਉਸ ਨੇ ਗਿੱਲ ਦੀ ਸ਼ਾਇਰੀ ਦੀ ਸਿਫ਼ਤ ਕਰਦੇ ਹੋਏ ਉਸ ਨੂੰ ਆਪਣੇ ਨਾਲੋਂ ਬਿਹਤਰ ਸ਼ਾਇਰ ਹੋਣ ਦਾ ਖਿਤਾਬ ਦਿੱਤਾ ਤੇ ਗਿੱਲ ਨੂੰ ਗ਼ਜ਼ਲ ਦੀ ਸਿਨਫ਼ ਬਾਰੇ ਗੰਭੀਰ ਅਧਿਅਨ ਕਰਨ ਦਾ ਮਸ਼ਵਰਾ ਦਿੱਤਾ। ਪ੍ਰੋ. ਗੁਰਲਾਲ ਸਿੰਘ ਨੇ ਸ. ਜੌਹਲ ਦੇ ਪਰਚੇ ਨੂੰ ਸੰਜਮੀ ਤੇ ਵਿਦਵਤਾ ਭਰਪੂਰ ਕਰਾਰ ਦਿੰਦੇ ਹੋਏ ਇਸ ਗੱਲ ਦੀ ਸਿਫ਼ਤ ਵੀ ਕੀਤੀ ਕਿ ਪਰਚੇ ਵਿਚ ਸਥਾਪਤ ਕੀਤੀਆਂ ਗਈਆਂ ਧਾਰਨਾਵਾਂ ਪੁਸਤਕ ਦੇ ਹਵਾਲਿਆਂ ਤੇ ਆਧਾਰਤ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਤੱਕ ਸਮਾਜ ਵਿਚ ਕਾਣੀ ਵੰਡ ਹੈ, ਉਦੋਂ ਤੱਕ ਪ੍ਰਗਤੀਵਾਦ ਤੇ ਮਾਰਕਸਵਾਦ ਪਰਸੰਗਿਕ ਰਹਿਣਗੇ। ਪ੍ਰੋ. ਵਰਿਆਮ ਸਿੰਘ ਸੰਧੂ ਨੇ "ਆਵਾਜ਼" ਨੂੰ ਕਈ ਆਵਾਜ਼ਾਂ ਦਾ ਮਜਮੂਆ ਕਰਾਰ ਦਿੱਤਾ। ਜਿਸ ਵਿਚ ਕੁਝ ਮਾਯੂਸ ਆਵਾਜ਼ਾਂ ਹਨ, ਕੁਝ ਬਲਦੇ ਨਾਹਰਿਆਂ ਵਰਗੀਆਂ ਤੇ ਕੁਝ ਚੰਗੇ ਚੰਗੇ ਭਵਿਖ ਵਿਚ ਯਕੀਨ ਬਨਾਉਣ ਵਾਲੀਆਂ। ਉਸ ਨੇ ਗਿੱਲ ਨੂੰ 'ਮੋਹ, ਰੋਹ ਤੇ ਵਿਦਰੋਹ' ਦਾ ਸ਼ਾਇਰ ਕਰਾਰ ਦਿੱਤਾ। ਪ੍ਰੋ. ਪਿਆਰਾ ਸਿੰਘ ਭੋਗਲ ਨੇ ਗੋਸ਼ਟ ਸਭਿਆਚਾਰ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਤੇ ਗਿੱਲ ਦ ਸ਼ਾਇਰੀ ਦੇ ਉਭਰਵੇਂ ਪੱਖਾਂ ਤੇ ਵੀ ਚਾਨਣਾ ਪਾਇਆ "ਫਾਸਲਾ" ਨੂੰ ਉਸ ਨੇ ਖ਼ੂਬਸੂਰਤ ਨਜ਼ਮ ਕਰਾਰ ਦਿੱਤਾ। ਜਿ ਵਿਚ ਸ਼ਾਇਰ ਲੰਮੇ ਅਰਸੇ ਪਿਛੋਂ ਆਪਣੀ ਪ੍ਰੇਮਕਾ ਨਾਲ ਟੈਲੀਫੋ ਤੇ ਗੱਲ ਕਰਦਾ ਹੈ। ਸ਼ਾਇਰ ਅਜਾਇਬ ਕਮਲ ਨੇ ਪ੍ਰਗਤੀਵਾ ਤੇ ਕੁਝ ਕਿੰਤੂ ਉਠਾਏ। ਪ੍ਰੋ. ਨਿਰੰਜਣ ਸਿੰਘ ਢੇਸੀ ਨੇ ਸ. ਜੌਹਲ ਦੇ ਪਰਚੇ ਤੇ ਗਿੱਲ ਦੀ ਸ਼ਾਇਰੀ ਬਾਰੇ ਕਿਹਾ ਕਿ ਦੋਵੇਂ ਹੀ ਬੜੇ ਸਪੱਸ਼ਟ ਹਨ ਤੇ ਸੰਚਾਰ ਦੀ ਦੋਵਾਂ ਨੂੰ ਹੀ ਕੋਈ ਸਮੱਸਿਆ ਨਹੀ ਹੈ। ਪ੍ਰੋ. ਜਸਵੰਤ ਸਿੰਘ ਵਿਰਦੀ, ਕਾਮਰੇਡ ਜਗਜੀਤ ਸਿੰਘ ਆਨੰਦ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸੁਰਜੀਤ ਸਿੰਘ ਮਿਨਹਾਸ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਸ੍ਰੀਮਤੀ ਗਿੱਲ ਨੇ ਆਪਣੇ ਕਵੀ ਪਤੀ ਦੀ ਇਕ ਗ਼ਜ਼ਲ ਤਰਨਮ ਵਿਚ ਪੇਸ਼ ਕਰਕੇ ਗੋਸ਼ਟੀ ਵਿਚ ਸ਼ਮੂਲੀਅਤ ਕੀਤੀ ਤੇ ਗਿੱਲ ਦਾ ਡਾਕਟਰ ਬੇਟਾ ਨੀਰਜ ਗਿੱਲ ਫੋਟੋਗ੍ਰਾਫੀ ਕਰਦਾ ਰਿਹਾ।

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸ਼ਾਇਰ ਅਮਰੀਕ ਸਿੰਘ ਪੂਨੀ (ਆਈ. ਏ. ਐਸ) ਨੇ ਗਿੱਲ ਦੀ ਕਵਿਤਾ ਨੂੰ ਪ੍ਰੌਢ ਸੋਚ ਤੇ ਚਿੰਤਨਸ਼ੀਲ ਸ਼ਾਇਰ ਦੀ ਸ਼ਾਇਰੀ ਕਿਹਾ। ਪੂਨੀ ਹੁਰਾਂ ਜਿਥੇ ਸ. ਜੌਹਲ ਨੂੰ ਵਧੀਆ ਪਰਚਾ ਲਿਖਣ ਲਈ ਮੁਬਾਰਕ ਦਿੱਤੀ, ਉਥੇ ਇਹ ਵੀ ਕਿਹਾ ਕਿ ਸੋਚ ਤੇ ਚੇਤਨਾ ਕਦੇ ਵੀ ਖ਼ਤਮ ਨਹੀਂ ਹੁੰਦੀ ਤੇ ਲੇਖਕ ਆਪਣੇ ਸਮੇਂ ਦੀਆਂ ਕਦਰਾਂ ਕੀਮਤਾਂ ਦਾ ਸੂਚਕ ਹੁੰਦਾ ਹੈ।

ਆਉਣ ਵਾਲੇ ਸਭਨਾਂ ਨੂੰ ਜੀ ਆਇਆਂ ਸਭਾ ਦੇ ਜ. ਸਕੱਤਰ ਨਿਰੰਜਨ ਸਿੰਘ ਸਾਥੀ ਨੇ ਕਿਹਾ ਤੇ ਧੰਨਵਾਦ ਕਰਨ ਦੀ ਰਸਮ ਸਭਾ ਨੇ ਪ੍ਰਧਾਨ ਸ੍ਰੀ ਜਗਦੀਸ਼ ਸਿੰਘ ਵਰਿਆਮ ਨੇ ਨਿਭਾਈ। ਗੋਸ਼ਟੀ ਦੀ ਪ੍ਰਧਾਨਗੀ, ਸਰਵਸ੍ਰੀ ਅਮਰੀਕ ਸਿੰਘ ਪੂਨੀ, ਜਗਦੀਸ਼ ਸਿੰਘ ਵਰਿਆਮ, ਕਾਮਰੇਡ ਜਗਜੀਤ ਸਿੰਘ ਆਨੰਦ, ਸੁਰਿੰਦਰ ਗਿੱਲ ਅਤੇ ਬਾਬਾ ਭਗਤ ਸਿੰਘ ਬਿਲਗਾ ਨੇ ਕੀਤੀ। ਮੰਚ ਸੰਚਾਲਨ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕੀਤਾ।

ਇਸ ਗੋਸ਼ਟੀ ਵਿਚ ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਕੁਲਦੀਪ ਸਿੰਘ ਬੇਦੀ, ਪ੍ਰੋ. ਉਮਿੰਦਰ ਜੌਹਲ, ਸ੍ਰੀਮਤੀ ਉਰਮਿਲਾ ਆਨੰਦ, ਨਿੰਦਰ ਘੁਗਿਆਣਵੀ, ਸ੍ਰੀ ਅਤੇ ਸ੍ਰੀਮਤੀ ਸੀ. ਐਲ. ਚੁੰਬਰ, ਸੰਤੋਖ ਸਿੰਘ ਸਫ਼ਰੀ, ਪ੍ਰੋ. ਲਵਲੀਨ, ਕਾਮਰੇਡ ਚੂਹੜ ਸਿੰਘ, ਸ. ਅਵਤਾਰ ਸਿੰਘ, ਅਵਤਾਰ ਭਾਟੀਆ, ਚਰਨ ਸੀਚੇਵਾਲਵੀ, ਸੀ.ਐਲ. ਲੱਕੀ, ਜੁਗਿੰਦਰ ਬਾਵਰਾ, ਕਾਮਰੇਡ ਕ੍ਰਿਸ਼ਨ ਭਾਰਦਵਾਜ, ਮਹਾਂਬੀਰ ਸਿੰਘ ਦਰਦੀ, ਹਰਫੂਲ ਸਿੰਘ, ਡੀ.ਆਰ. ਧਵਨ, ਹਰਕੇਵਲ ਸਿੰਘ ਕੇਵਲ, ਸਿਧਾਰਥ ਦੁਗਲ, ਤ੍ਰੈਲੋਚਣ ਲੋਚੀ, ਰਾਜੇਸ਼ਵਰ ਸਿੰਘ ਵਿਸ਼ੇਸ਼ ਤੌਰ ਤੇ ਪੁੱਜੇ।


Sri Satguru Jagjit Singh Ji eLibrary NamdhariElibrary@gmail.com

## ਪ੍ਰੋ. ਔਜਲਾ ਦੀਆਂ ਕਵਿਤਾਵਾਂ ਅਤੇ ਰਚਨਾ ਪ੍ਰਕ੍ਰਿਆ ਬਾਰੇ ਸੰਵਾਦ

ਕਵੀ ਦੀ ਕਵਿਤਾ ਅਤੇ ਉਸ ਦੀ ਰਚਨਾ-ਪ੍ਰਕ੍ਰਿਆ ਨੂੰ ਜਾਨਣ ਦੀ ਇੱਛਾ ਨਾਲ ਸਿਰਜਣਾ ਕੇਂਦਰ ਕਪੂਰਥਲਾ (ਰਜਿ.) ਵਲੋਂ ਪ੍ਰੋ. ਕੁਲਵੰਤ ਔਜਲਾ ਸੰਗ ਇਕ ਵਿਸ਼ੇਸ਼ ਮੀਟਿੰਗ ਦੌਰਾਨ ਉਹਨਾਂ ਆਪਣੀਆਂ ਕੁਝ ਕਵਿਤਾਵਾਂ/ਗ਼ਜ਼ਲਾਂ ਹਾਜ਼ਰ ਮੈਂਬਰਾਂ ਨਾਲ ਸਾਂਝੀਆਂ ਕੀਤੀਆਂ ਅਤੇ ਉਹਨਾਂ ਦੀ ਸਿਰਜਣ-ਪ੍ਰਕ੍ਰਿਆ ਦੇ ਪ੍ਰਸੰਗ ਵਿਚ ਬੋਲਦਿਆਂ ਪ੍ਰੋ. ਔਜਲਾ ਨੇ ਕਿਹਾ ਕਿ ਕਵਿਤਾ ਸੰਵੇਦਨਸ਼ੀਲ ਮਨ ਦੀ ਉਤਪਤੀ ਹੈ। ਕਵਿਤਾ ਇਕ ਸਹਿਜ ਮਨ ਦੀ ਅਵੱਸਥਾ ਵਿਚੋਂ ਨਿਕਲੇ ਖ਼ਿਆਲਾਂ ਦੀ ਕਾਵਿ-ਲੜੀ ਹੈ। ਉਹਨਾਂ ਦੱਸਿਆ ਕਿ ਬਹੁਤੀਆਂ ਕਵਿਤਾਵਾਂ ਉਹਨਾਂ ਇੱਕਲਿਆਂ ਆਪਣੇ ਖੂਹ 'ਤੇ ਬੈਠ ਕੇ ਰਚੀਆਂ ਹਨ। ਇਕੱਲਤਾ ਇਕਾਗਰਤਾ ਨੂੰ ਸਿਰਜਦੀ ਹੈ, ਤੇ ਇਕਾਗਰਤਾ ਮਨ ਦੇ ਖਿਆਲਾਂ ਨੂੰ ਕਾਵਿਕ-ਵਿਧਾ ਵਿਚ ਢਾਲਦੀ ਹੈ। ਕਈ ਵਾਰ ਕਵਿਤਾ ਆਖਦਿਆਂ ਇਕ ਹੋਰ ਕਵਿਤਾ ਵੀ ਆ ਜਾਂਦੀ ਹੈ ਜਿਸਨੂੰ ਪਹਿਲ ਦੇ ਆਧਾਰ ਤੇ ਲਿਖਣਾ ਹੁੰਦਾ ਹੈ। ਪ੍ਰੋ. ਔਜਲਾ ਨੇ ਆਖਿਆ ਕਿ ਉਹਨਾਂ ਜ਼ਿੰਦਗੀ ਨੂੰ ਡੁੱਬਕੇ ਜੀਵਿਆ ਹੈ ਤੇ ਏਸੇ ਸੰਦਰਭ ਵਿਚੋਂ ਪ੍ਰਦੇਸੀਆਂ ਦੀ ਉਦਾਸੀ, ਘਰ ਦੀਆਂ ਥੋੜ੍ਹਾਂ ਅਤੇ ਲੋੜਾਂ, ਘਰ, ਬਚਪਨ, ਰਿਸ਼ਤੇ ਅਤੇ ਸਮਾਜਿਕ ਬੰਧਨ ਆਦਿ ਵਿਸ਼ਿਆਂ ਤੇ ਕਵਿਤਾਵਾਂ ਵੀ ਲਿਖੀਆਂ ਹਨ।

ਪ੍ਰੋ. ਔਜਲਾ ਨੇ ਇਹ ਗੱਲ ਬੜੀ ਭਾਵੁਕਤਾ ਨਾਲ ਆਖੀ ਕਿ ਬੇਸ਼ੱਕ ਉਸ ਦੀ ਸਮਾਜਵਾਦੀ ਸੁਰ ਨਾਲ ਸਦੀਵੀ ਸਾਂਝ ਰਹੀ ਹੈ, ਪਰ ਸਮਾਜਵਾਦੀਆਂ ਦੀ ਦੁਬਿਧਾ ਵੀ ਉਸ ਦੀ ਕਵਿਤਾ ਵਿਚ ਸਮੇਂ-ਸਮੇਂ ਸਿਰ ਉਤਰਦੀ ਰਹੀ ਹੈ। ਅੰਤ ਵਿਚ ਪ੍ਰੋ. ਔਜਲਾ ਨੇ ਆਖਿਆ ਕਿ ਜੇਕਰ ਆਦਮੀ ਜ਼ਿੰਦਗੀ ਪ੍ਰਤੀ ਸੰਜੀਦਾ ਨਹੀਂ ਤਾਂ ਉਹ ਕਲਾ ਪ੍ਰਤੀ ਵੀ ਸੰਜੀਦਾ ਨਹੀਂ ਹੋ ਸਕਦਾ। ਕੇਂਦਰ ਦੇ ਪ੍ਰਧਾਨ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਪ੍ਰਧਾਨਗੀ ਵਿਚ ਹੋ ਰਹੀ ਇਸ ਇਕੱਤਰਤਾ ਦੇ ਦੂਸਰੇ ਦੌਰ ਵਿਚ ਸਰਵਸ੍ਰੀ ਸੁੱਚਾ ਸਿੰਘ ਦਾਗ, ਸੁਖਦੇਵ ਸਿੰਘ ਸਿੱਧੂ, ਗੁਰਦਿਆਲ ਪੱਲ੍ਹਾ, ਹਰਫੂਲ ਸਿੰਘ, ਅਮਰੀਕ ਗਾਫ਼ਿਲ, ਸੁਰਿੰਦਰਪਾਲ ਸਿੰਘ ਸੰਧੂ, ਗੁਰਭਜਨ ਲਾਸਾਨੀ, ਨਿਰਮਲ ਭੰਡਾਲ, ਪ੍ਰੋ. ਕੇਵਲ ਸਿੰਘ ਪਰਵਾਨਾ, ਡਾ. ਸੁਰਿੰਦਰ ਗਿੱਲ, ਹਰਵਿੰਦਰ ਭੰਡਾਲ, ਤਸਕੀਨ ਆਦਿ ਹਾਜ਼ਰ ਮੈਂਬਰਾਂ ਨੇ ਆਪਣਾ ਤਾਜ਼ਾ ਕਲਾਮ ਪੜ੍ਹਿਆ। ਇਕੱਤਰਤਾ ਦੀ ਕਾਰਵਾਈ ਕੇਂਦਰ ਦੇ ਜਨਰਲ ਸਕੱਤਰ ਕੰਵਰ ਇਮਤਿਆਜ਼ ਨੇ ਚਲਾਈ ਤੇ ਇਕ ਨਜ਼ਮ ਨਾਲ ਕਵੀ ਦਰਬਾਰ ਵਿਚ ਹਾਜ਼ਰੀ ਲੁਆਈ।

ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਪ੍ਰੋ. ਔਜਲਾ ਦੀਆਂ ਨਜ਼ਮਾਂ ਅਤੇ ਰਚਨਾ ਪ੍ਰਕ੍ਰਿਆ ਬਾਰੇ ਆਖਿਆ ਕਿ ਇਸ ਤਰ੍ਹਾਂ ਦੀਆਂ ਬੈਠਕਾਂ ਵਿਚੋਂ ਅਸੀਂ ਬਹੁਤ ਕੁਝ ਨਵਾਂ ਗ੍ਰਹਿਣ ਕਰ ਸਕਦੇ ਹਾਂ। ਇਸ ਇਕੱਤਰਤਾ ਵਿਚ ਡਾ. ਸੁਰਿੰਦਰ ਗਿੱਲ ਦੀ ਨਵੀਂ ਕਾਵਿ-ਪੁਸਤਕ 'ਆਵਾਜ਼' ਬਾਰੇ ਸਿਰਜਣਾ ਕੇਂਦਰ ਵਲੋਂ ਮਈ ਦੇ ਆਖਰੀ ਐਤਵਾਰ ਇਕ ਵਿਸ਼ੇਸ਼ ਸਮਾਗਮ ਕਰਵਾਉਣ ਦਾ ਫੈਸਲਾ ਲਿਆ ਗਿਆ। ਇਕ ਮਤੇ ਰਾਹੀਂ ਪੰਜਾਬੀ ਦੇ ਸ਼ਾਇਰ ਸ੍ਰੀ ਦਰਸ਼ਨ ਬੁੱਟਰ ਦੀ ਇਕਲੌਤੀ ਬੇਟੀ ਕੁਮਾਰੀ ਅਮਨਦੀਪ ਕੌਰ ਦੀ ਮੌਤ ਉੱਤੇ ਦੁੱਖ ਪ੍ਰਗਟਾਉਂਦੀਆਂ ਹਾਜ਼ਰ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖਿਆ।

*ਰਿਪੋਰਟ—ਕੰਵਰ ਇਮਤਿਆਜ਼*

## ਪ੍ਰੀਤਮ ਸਿੰਘ ਪੰਛੀ ਨੂੰ ਅਕਾਦਮੀ ਪੁਰਸਕਾਰ

ਪੰਜਾਬੀ ਲੇਖਕ ਅਤੇ ਪੱਤਰਕਾਰ ਸ. ਪ੍ਰੀਤਮ ਸਿੰਘ ਪੰਛੀ ਦੀ ਪੁਸਤਕ 'ਟੁਕੜਿਆਂ ਵਿਚ ਵੰਡਿਆ ਆਦਮੀ' ਨੂੰ ਪੰਜਾਬੀ ਅਕਾਦਮੀ ਦੇ ਸਾਲ ੧੯੯੭-੧੯੯੮ ਦੇ ਗਲਪ ਪੁਰਸਕਾਰ ਨਾਲ ਪੁਰਸਕ੍ਰਿਤ ਕੀਤਾ ਗਿਆ ਹੈ।

ਪੰਛੀ ਜੀ 'ਵਰਿਆਮ' ਦੇ ਸਹਿਯੋਗੀ ਲੇਖਕ ਅਤੇ ਸ਼ੁਭ ਚਿੰਤਕ ਹਨ। ਸੰਪਾਦਕ ਵਰਿਆਮ ਨੇ ਇਸ ਪੁਸਤਕ ਦੀ ਚਰਚਾ ਅਮਰੀਕਾ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਕੀਤੀ ਸੀ ਅਤੇ ਸਭ ਤੋਂ ਪਹਿਲਾਂ ਵਰਿਆਮ ਨੇ ਹੀ ਸ. ਸੁਵਰਨ ਸਿੰਘ ਵਿਰਕ ਦਾ ਇਸ ਪੁਸਤਕ ਬਾਰੇ ਵਿਸਤ੍ਰਿਤ ਆਲੇਖ ਪ੍ਰਕਾਸ਼ਤ ਕੀਤਾ ਸੀ।

*ਅਲੋਕ ਸਹੋਤਾ*

## ਵਰਿਆਮ ਦਾ ਸਨਮਾਨ

ਜਲੰਧਰ— ਮਿਤੀ ੭ ਮਈ, ੨੦੦੦ ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ, ਸੈਂਟਰਲ ਟਾਊਨ ਵਿਚ ਸੰਸਾਰ ਸ਼ਾਂਤੀ ਮਨੁੱਖੀ ਭਾਈਚਾਰੇ ਦੀ ਏਕਤਾ ਅਤੇ ਸਦਭਾਵਨਾ ਵਾਸਤੇ ੨੧ ਦਿਨਾਂ ਤੋਂ ਚਲੇ ਆ ਰਹੇ ਹਵਨ ਯੱਗ ਅਤੇ ਗੁਰਬਾਣੀ ਦੇ ਪਾਠਾਂ ਦੇ ਸਮਾਰੋਹ ਦੇ ਸਮੇਂ ਨਾਮਧਾਰੀ ਵਿਦਿਅਕ ਜਥਾ ਜਲੰਧਰ ਸ਼ਹਿਰ ਵਲੋਂ ਮਾਸਿਕ ਵਰਿਆਮ ਦੀ ਸਿਲਵਰ ਜੁਬਲੀ ਦੀ ਖੁਸ਼ੀ ਨੂੰ ਜਾਹਰ ਕਰਦਿਆਂ ਹੋਇਆ ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਸੰਤ ਗੁਰਮੁਖ ਸਿੰਘ ਜੀ ਨੇ ਸੰਤ ਜਗਦੀਸ਼ ਸਿੰਘ ਜੀ ਸੰਪਾਦਕ ਵਰਿਆਮ ਨੂੰ ਬੜੇ ਅਦਬ ਸਤਿਕਾਰ ਵਜੋਂ ਸਿਰੋਪਾ, ਮਾਲਾ ਆਸਣ ਗੁਟਕਾ, ਦਸਤਾਰ, ਮਾਇਆ ਭੇਟ ਕਰਕੇ ਸਨਮਾਨਿਤ ਕੀਤਾ। ਪ੍ਰਧਾਨ ਜੀ ਨੇ ਵਿਦਿਅਕ ਜਥੇ ਵਲੋਂ ਕਿਹਾ ਕਿ ਵਰਿਆਮ ਦੀ ਕਾਮਯਾਬੀ ਇਕ ਮਿਸਾਲ ਹੈ ਅਤੇ ਇਹ ਵਿਦਿਅਕ ਜਥੇ ਦੀ ਹੀ ਪੈਦਾਵਾਰ ਹਨ। ਉਹਨਾਂ ਵਰਿਆਮ ਨੂੰ ਹਰ ਤਰ੍ਹਾਂ ਦੇ ਸਹਿਯੋਗ ਵਾਸਤੇ ਸੰਗਤ ਨੂੰ ਪ੍ਰੇਰਿਆ।



Sri Satguru Jagjit Singh Ji eLibrary NamdhariElibrary@gmail.com

## ਸ਼ਾਨਦਾਰ ਕਵੀ ਦਰਬਾਰ

ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ੫੨ ਪੰਥਕ ਕਵੀਆਂ ਦੇ ਸਨਮਾਨ ਦੀ ਤੀਜੀ ਕੜੀ ਵਜੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਹੀਦ ਕਰਨੈਲ ਸਿੰਘ ਨਗਰ ਲੁਧਿਆਣਾ ਵਿਖੇ ੨੩ਵਾਂ ਅਦੁੱਤੀ ਕਵੀ ਦਰਬਾਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਜਿਸ ਵਿਚ ਸਰਵ ਸ੍ਰੀ ਸਰੂਪ ਸਿੰਘ ਸਾਕੀ, ਨਰਿੰਦਰ ਸਿੰਘ ਕਮਲ, ਪ੍ਰੀਤਮ ਸਿੰਘ ਪੰਛੀ, ਸੁਸ਼ੀਲ ਅਮਨ, ਪ੍ਰੋ. ਕੁਲਵੰਤ ਸਿੰਘ ਜਗਰਾਓਂ, ਜੋਗਿੰਦਰ ਸਿੰਘ ਕੰਗ, ਸੁਰਜੀਤ ਸਿੰਘ ਸਾਜਨ ਅਤੇ ਅਜੀਤ ਸਿੰਘ ਅਜੀਤ ਨੇ ਭਾਗ ਲਿਆ। ਇਸ ਕਵੀ ਦਰਬਾਰ ਵਿਚ ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ਸਰੂਪ ਸਿੰਘ ਸਾਕੀ, ਨਰਿੰਦਰ ਸਿੰਘ ਕਮਲ, ਪ੍ਰੀਤਮ ਸਿੰਘ ਪੰਛੀ, ਸੁਸ਼ੀਲ ਅਮਨ ਅਤੇ ਪ੍ਰੋ. ਕੁਲਵੰਤ ਜਗਰਾਓ ਨੂੰ ਸਿਰੋਪਾਓ, ਸਨਮਾਨ ਚਿੰਨ੍ਹ, ਸਨਮਾਨ-ਪੱਤਰ, ਨੋਟ ਬੁੱਕ ਅਤੇ ਕਲਮ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰੀ ਸੁਰਜੀਤ ਸਿੰਘ ਸਾਜਨ ਨੇ ਨਿਭਾਈ। ਇਹ ਕਵੀ ਦਰਬਾਰ ਜੋਗਿੰਦਰ ਸਿੰਘ ਕੰਗ ਦੀ ਦੇਖ ਰੇਖ ਅਤੇ ਪ੍ਰਬੰਧ ਹੇਠ ਹੋਇਆ।

*ਸੁਰਜੀਤ ਸਿੰਘ ਸਾਜਨ*
*ਜਨਰਲ ਸਕੱਤਰ*

# ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ

## ਅਦੁੱਤੀ ਕਵੀ ਦਰਬਾਰ

ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ੫੨ ਪੰਥਕ ਕਵੀਆਂ ਨੇ ਸਨਮਾਨ ਦੀ ਚੌਥੀ ਕੜੀ ਵਜੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਰਜਿ.) ਹਾਊਸਿੰਗ ਬੋਰਡ ਕਾਲੋਨੀ ਦੁੱਗਰੀ (ਲੁਧਿਆਣਾ) ਵਿਖੇ ੨੪ਵਾਂ ਅਦੁੱਤੀ ਕਵੀ ਦਰਬਾਰ ਬੜੇ ਹੀ ਸ਼ਾਨਦਾਰ ਅਤੇ ਸ਼ਰਧਾ-ਪੂਰਵਕ ਢੰਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਜਿਸ ਵਿਚ ਸਿਰਮੌਰ ਪੰਥਕ ਕਵੀਆਂ ਸਰਵ ਸ੍ਰੀ ਚੰਨਣ ਸਿੰਘ, ਚਮਨ ਹਰਗੋਬਿੰਦਪੁਰੀ, ਸੁਜਾਨ ਸਿੰਘ ਸੁਜਾਨ, ਹਰਭਜਨ ਸਿੰਘ ਰਾਜਾ, ਪੂਰਨ ਸਿੰਘ ਨਿਰਾਲਾ, ਜੋਗਿੰਦਰ ਸਿੰਘ ਕੰਗ, ਸੁਰਜੀਤ ਸਿੰਘ ਸਾਜਨ ਅਤੇ ਗੁਰਚਰਨ ਸਿੰਘ ਬਿਜਲੀ ਨੇ ਖਾਲਸੇ ਦੀ ਸਾਜਨਾ, ਖਾਲਸੇ ਦੀ ਮਹਾਨਤਾ, ਅੰਮ੍ਰਿਤ ਦੀ ਸ਼ਕਤੀ ਅਤੇ ਖਾਲਸੇ ਦੇ ਗੌਰਵਮਈ ਇਤਿਹਾਸ ਨੂੰ ਆਪਣੀਆਂ ਅਨੁਪਮ ਕਾਵਿ-ਰਚਨਾਵਾਂ ਦੁਆਰਾ ਜੈਕਾਰਿਆਂ ਦੀ ਗੂੰਜ ਵਿਚ ਪ੍ਰਸਤੁਤ ਕੀਤਾ। ਇਸ ਸ਼ਾਨਦਾਰ ਕਵੀ ਦਰਬਾਰ ਵਿਚ ਸੁਜਾਨ ਸਿੰਘ ਸੁਜਾਨ, ਹਰਭਜਨ ਸਿੰਘ ਰਾਜਾ ਅਤੇ ਪੂਰਨ ਸਿੰਘ ਨਿਰਾਲਾ ਨੂੰ ਸਿਰੋਪਾਓ, ਸਨਮਾਨ-ਪੱਤਰ, ਸਨਮਾਨ ਚਿੰਨ੍ਹ, ਨੋਟ ਬੁੱਕ ਅਤੇ ਕਲਮ ਦੇਕੇ ਸਨਮਾਨਿਤ ਕੀਤਾ ਗਿਆ। ਸਟੇਜ ਦਾ ਸੰਚਾਲਨ ਸ. ਸੁਰਜੀਤ ਸਿੰਘ ਸਾਜਨ ਨੇ ਬਾਖੂਬੀ ਨਿਭਾਇਆ।

ਕਵੀ ਸਭਾ ਦੇ ਪ੍ਰਧਾਨ ਜੋਗਿੰਦਰ ਸਿੰਘ ਕੰਗ ਨੇ ਜਾਣਕਾਰੀ ਦਿੱਤੀ ਕਿ ਹੁਣ ਤੱਕ ਸਭਾ ਵਲੋਂ ੩੪ ਕਵੀਆਂ ਦਾ ਸਨਮਾਨ ਕੀਤਾ ਗਿਆ ਹੈ ਅਤੇ ਬਾਕੀ ਰਹਿੰਦੇ ੧੮ ਕਵੀਆਂ ਨੂੰ ਜਲਦੀ ਹੀ ਤਿੰਨ ਵਿਸ਼ੇਸ਼ ਕਵੀ ਦਰਬਾਰਾਂ ਵਿਚ ਸਨਮਾਨਿਤ ਕੀਤਾ ਜਾਵੇਗਾ।

*ਜੋਗਿੰਦਰ ਸਿੰਘ ਕੰਗ*
*ਪ੍ਰਧਾਨ*

## ਪ੍ਰੋ. ਔਜਲਾ ਦੀਆਂ ਕਵਿਤਾਵਾਂ ਅਤੇ ਰਚਨਾ ਪ੍ਰਕ੍ਰਿਆ ਬਾਰੇ ਸੰਵਾਦ

ਕਵੀ ਦੀ ਕਵਿਤਾ ਅਤੇ ਉਸ ਦੀ ਰਚਨਾ-ਪ੍ਰਕ੍ਰਿਆ ਨੂੰ ਜਾਨਣ ਦੀ ਇੱਛਾ ਨਾਲ ਸਿਰਜਣਾ ਕੇਂਦਰ ਕਪੂਰਥਲਾ (ਰਜਿ.) ਵਲੋਂ ਪ੍ਰੋ. ਕੁਲਵੰਤ ਔਜਲਾ ਸੰਗ ਇਕ ਵਿਸ਼ੇਸ਼ ਮੀਟਿੰਗ ਦੌਰਾਨ ਉਹਨਾਂ ਆਪਣੀਆਂ ਕੁਝ ਕਵਿਤਾਵਾਂ/ਗ਼ਜ਼ਲਾਂ ਹਾਜ਼ਰ ਮੈਂਬਰਾਂ ਨਾਲ ਸਾਂਝੀਆਂ ਕੀਤੀਆਂ ਅਤੇ ਉਹਨਾਂ ਦੀ ਸਿਰਜਣ-ਪ੍ਰਕ੍ਰਿਆ ਦੇ ਪ੍ਰਸੰਗ ਵਿਚ ਬੋਲਦਿਆਂ ਪ੍ਰੋ. ਔਜਲਾ ਨੇ ਕਿਹਾ ਕਿ ਕਵਿਤਾ ਸੰਵੇਦਨਸ਼ੀਲ ਮਨ ਦੀ ਉਤਪਤੀ ਹੈ। ਕਵਿਤਾ ਇਕ ਸਹਿਜ ਮਨ ਦੀ ਅਵੱਸਥਾ ਵਿਚੋਂ ਨਿਕਲੇ ਖ਼ਿਆਲਾਂ ਦੀ ਕਾਵਿ-ਲੜੀ ਹੈ। ਉਹਨਾਂ ਦੱਸਿਆ ਕਿ ਬਹੁਤੀਆਂ ਕਵਿਤਾਵਾਂ ਉਹਨਾਂ ਇੱਕਲਿਆਂ ਆਪਣੇ ਖੂਹ 'ਤੇ ਬੈਠ ਕੇ ਰਚੀਆਂ ਹਨ। ਇਕੱਲਤਾ ਇਕਾਗਰਤਾ ਨੂੰ ਸਿਰਜਦੀ ਹੈ, ਤੇ ਇਕਾਗਰਤਾ ਮਨ ਦੇ ਖ਼ਿਆਲਾਂ ਨੂੰ ਕਾਵਿਕ-ਵਿਧਾ ਵਿਚ ਢਾਲਦੀ ਹੈ। ਕਈ ਵਾਰ ਕਵਿਤਾ ਆਖਦਿਆਂ ਇਕ ਹੋਰ ਕਵਿਤਾ ਵੀ ਆ ਜਾਂਦੀ ਹੈ ਜਿਸਨੂੰ ਪਹਿਲ ਦੇ ਆਧਾਰ ਤੇ ਲਿਖਣਾ ਹੁੰਦਾ ਹੈ। ਪ੍ਰੋ. ਔਜਲਾ ਨੇ ਆਖਿਆ ਕਿ ਉਹਨਾਂ ਜ਼ਿੰਦਗੀ ਨੂੰ ਡੁੱਬਕੇ ਜੀਵਿਆ ਹੈ ਤੇ ਏਸੇ ਸੰਦਰਭ ਵਿਚੋਂ ਪ੍ਰਦੇਸੀਆਂ ਦੀ ਉਦਾਸੀ, ਘਰ ਦੀਆਂ ਥੋੜ੍ਹਾਂ ਅਤੇ ਲੋੜਾਂ, ਘਰ, ਬਚਪਨ, ਰਿਸ਼ਤੇ ਅਤੇ ਸਮਾਜਿਕ ਬੰਧਨ ਆਦਿ ਵਿਸ਼ਿਆਂ ਤੇ ਕਵਿਤਾਵਾਂ ਵੀ ਲਿਖੀਆਂ ਹਨ।

ਪ੍ਰੋ. ਔਜਲਾ ਨੇ ਇਹ ਗੱਲ ਬੜੀ ਭਾਵੁਕਤਾ ਨਾਲ ਆਖੀ ਕਿ ਬੇਸ਼ੱਕ ਉਸ ਦੀ ਸਮਾਜਵਾਦੀ ਸੁਰ ਨਾਲ ਸਦੀਵੀ ਸਾਂਝ


Sri Satguru Jagjit Singh Ji eLibrary NamdhariElibrary@gmail.com

ਰਹੀ ਹੈ, ਪਰ ਸਮਾਜਵਾਦੀਆਂ ਦੀ ਦੁਬਿਧਾ ਵੀ ਉਸ ਦੀ ਕਵਿਤਾ
ਵਿਚ ਸਮੇਂ-ਸਮੇਂ ਸਿਰ ਉਤਰਦੀ ਰਹੀ ਹੈ। ਅੰਤ ਵਿਚ ਪ੍ਰੋ. ਔਜਲਾ
ਨੇ ਆਖਿਆ ਕਿ ਜੇਕਰ ਆਦਮੀ ਜ਼ਿੰਦਗੀ ਪ੍ਰਤੀ ਸੰਜੀਦਾ ਨਹੀਂ
ਤਾਂ ਉਹ ਕਲਾ ਪ੍ਰਤੀ ਵੀ ਸੰਜੀਦਾ ਨਹੀਂ ਹੋ ਸਕਦਾ। ਕੇਂਦਰ ਦੇ
ਪ੍ਰਧਾਨ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਪ੍ਰਧਾਨਗੀ ਵਿਚ ਹੋ
ਰਹੀ ਇਸ ਇਕੱਤਰਤਾ ਦੇ ਦੂਸਰੇ ਦੌਰ ਵਿਚ ਸਰਵਸ੍ਰੀ ਸੁੱਚਾ
ਸਿੰਘ ਦਾਗ, ਸੁਖਦੇਵ ਸਿੰਘ ਸਿੱਧੂ, ਗੁਰਦਿਆਲ ਪੱਲ੍ਹਾ, ਹਰਫੂਲ
ਸਿੰਘ, ਅਮਰੀਕ ਗਾਫ਼ਿਲ, ਸੁਰਿੰਦਰਪਾਲ ਸਿੰਘ ਸੰਧੂ, ਗੁਰਭਜਨ
ਲਾਸਾਨੀ, ਨਿਰਮਲ ਭੰਡਾਲ, ਪ੍ਰੋ. ਕੇਵਲ ਸਿੰਘ ਪਰਵਾਨਾ,
ਡਾ. ਸੁਰਿੰਦਰ ਗਿੱਲ, ਹਰਵਿੰਦਰ ਭੰਡਾਲ, ਤਸਕੀਨ ਆਦਿ
ਹਾਜ਼ਰ ਮੈਂਬਰਾਂ ਨੇ ਆਪਣਾ ਤਾਜ਼ਾ ਕਲਾਮ ਪੜ੍ਹਿਆ।
ਇਕੱਤਰਤਾ ਦੀ ਕਾਰਵਾਈ ਕੇਂਦਰ ਦੇ ਜਨਰਲ ਸਕੱਤਰ ਕੰਵਰ
ਇਮਤਿਆਜ਼ ਨੇ ਚਲਾਈ ਤੇ ਇਕ ਨਜ਼ਮ ਨਾਲ ਕਵੀ ਦਰਬਾਰ
ਵਿਚ ਹਾਜ਼ਰੀ ਲੁਆਈ।

ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਆਏ ਸਾਹਿਤਕਾਰਾਂ ਦਾ
ਧੰਨਵਾਦ ਕਰਦਿਆਂ ਪ੍ਰੋ. ਔਜਲਾ ਦੀਆਂ ਨਜ਼ਮਾਂ ਅਤੇ ਰਚਨਾ
ਪ੍ਰਕ੍ਰਿਆ ਬਾਰੇ ਆਖਿਆ ਕਿ ਇਸ ਤਰ੍ਹਾਂ ਦੀਆਂ ਬੈਠਕਾਂ ਵਿਚੋਂ
ਅਸੀਂ ਬਹੁਤ ਕੁਝ ਨਵਾਂ ਗ੍ਰਹਿਣ ਕਰ ਸਕਦੇ ਹਾਂ। ਇਸ
ਇਕੱਤਰਤਾ ਵਿਚ ਡਾ. ਸੁਰਿੰਦਰ ਗਿੱਲ ਦੀ ਨਵੀਂ ਕਾਵਿ-
ਪੁਸਤਕ 'ਆਵਾਜ਼' ਬਾਰੇ ਸਿਰਜਣਾ ਕੇਂਦਰ ਵਲੋਂ ਮਈ ਦੇ
ਆਖਰੀ ਐਤਵਾਰ ਇਕ ਵਿਸ਼ੇਸ਼ ਸਮਾਗਮ ਕਰਵਾਉਣ ਦਾ
ਫੈਸਲਾ ਲਿਆ ਗਿਆ। ਇਕ ਮਤੇ ਰਾਹੀਂ ਪੰਜਾਬੀ ਦੇ ਸ਼ਾਇਰ
ਸ੍ਰੀ ਦਰਸ਼ਨ ਬੁੱਟਰ ਦੀ ਇਕਲੌਤੀ ਬੇਟੀ ਕੁਮਾਰੀ ਅਮਨਦੀਪ
ਕੌਰ ਦੀ ਮੌਤ ਉੱਤੇ ਦੁੱਖ ਪ੍ਰਗਟਾਉਂਦੀਆਂ ਹਾਜ਼ਰ ਮੈਂਬਰਾਂ ਨੇ ਦੋ
ਮਿੰਟ ਦਾ ਮੌਨ ਰੱਖਿਆ।

*ਰਿਪੋਰਟ—ਕੰਵਰ ਇਮਤਿਆਜ਼*


ਵਰਿਆਮ ਲਈ ਸ਼ੁਭ ਇਛਾਵਾਂ :

**ਸ. ਅਜੀਤ ਸਿੰਘ ਨਾਮਧਾਰੀ**

**ਨਾਮਧਾਰੀ ਬ੍ਰਦਰਜ**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)

Prop. S. Ajit Singh Namdhari


## ਡਾ. ਜੌਲੀ ਨੂੰ ਭਾਰੀ ਸਦਮਾ

ਸਾਡੇ ਮਿਤਰ ਸਨੇਹੀ ਡਾ. ਜਤਿੰਦਰਪਾਲ ਸਿੰਘ ਜੌਲੀ,
ਲੈਕਚਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿੰਤਸਰ ਨੂੰ
ਭਾਰੀ ਸਦਮਾ ਪੁੱਜਾ ਹੈ ਜਦੋਂ ਭਰ ਜੁਆਨ ਉਮਰ ਵਿਚ ਉਹਨਾਂ
ਦੀ ਹਮਸਫ਼ਰ-ਹਮਨਜ਼ਰ ਬੀਬੀ ਨਰਿੰਦਰ ਕੌਰ ਜੌਲੀ ੧੨ ਮਈ
੨੦੦੦ ਨੂੰ ਸਦੀਵੀਂ ਵਿਛੋੜਾ ਦੇ ਗਏ। ਬੀਬੀ ਜੀ ਬਹੁਤ ਸੁਘੜ
ਸੁਸ਼ੀਲ ਅਤੇ ਅਕਾਦਮਿਕ ਸਿਫਤਾਂ ਵਾਲੇ ਸਨ। ਉਹ ਤਿੰਨ
ਐਮ.ਏ. ਸਨ। ਅੰਗ੍ਰੇਜ਼ੀ, ਪੰਜਾਬੀ ਅਤੇ ਇਤਿਹਾਸ ਵਿਚ। ਉਹਨਾਂ
ਉਰਦੂ ਜ਼ਬਾਨ ਵਿਚ ਵੀ ਡਿਪਲੋਮਾ ਕੀਤਾ ਹੋਇਆ ਸੀ। ਉਹਨਾਂ
ਦੀਆਂ ਸਰਗਰਮੀਆਂ ਅੰਤਰਾਸ਼ਟਰੀ ਪੱਧਰ ਤਕ ਫੈਲੀਆਂ
ਹੋਈਆਂ ਸਨ। ਸਾਹਿਤਕ ਖੇਤਰ ਵਿਚ ਉਹਨਾਂ ਪੰਜਾਬੀ, ਉਰਦੂ
ਅਤੇ ਅੰਗਰੇਜ਼ੀ ਵਿਚ ਕਵਿਤਾਵਾਂ ਰਚਕੇ ਪੰਜਾਬੀ ਕਹਾਣੀਆਂ
ਲਿਖ ਕੇ, ਪੁਸਤਕ ਰੀਵੀਊ, ਅੰਗਰੇਜ਼ੀ ਹਿੰਦੀ ਤੋਂ ਅਨੁਵਾਦ
ਕਾਰਜ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਦਾ ਲਿਪੀਆਂ-
ਤਰ ਕਰਕੇ ਉਘਾ ਯੋਗਦਾਨ ਪਾਇਆ। ਮਾਸਕ ਪਤਰਾਂ ਵਿਚ
ਉਹਨਾਂ ਦੀਆਂ ਸਾਹਿਤਕ ਕ੍ਰਿਤਾਂ ਅਕਸਰ ਛਪਦੀਆਂ
ਰਹਿੰਦੀਆਂ ਅਤੇ ਰੇਡੀਓ ਵਾਰਤਾਵਾਂ ਰਾਹੀਂ ਔਰਤਾਂ ਅਤੇ
ਬੱਚਿਆਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਉਹ ਆਮ ਤੌਰ ਤੇ
ਕਰਦੇ। ਪੰਜਾਬ, ਪੰਜਾਬ ਤੋਂ ਬਾਹਰ ਭਾਰਤ ਵਿਚ ਅਤੇ ਭਾਰਤ
ਤੋਂ ਬਾਹਰ ਦੂਜੇ ਦੇਸ਼ਾਂ ਵਿਚ ਉਹਨਾਂ ਵੱਖ-ਵੱਖ ਸਮਿਆਂ ਵਿਚ
ਵੱਖ-ਵੱਖ ਸਮਾਗਮਾਂ/ਆਯੋਜਨਾਂ ਵਿਚ ਭਾਗ ਲਿਆ। ਮਾਨਾਂ
ਸਨਮਾਨਾਂ ਦੀ ਇਕ ਲੰਮੀ ਲੜੀ ਟੁੱਟਦੇ ਤਾਰੇ ਦੀ ਲੰਮੀ ਲੀਕ
ਵਾਂਗ ਉਜਾਗਰ ਹੈ। ਇਕ ਸਪੁਤਰੀ ਗਿਆਰਾਂ ਸਾਲ ਅਤੇ
ਸਪੁਤਰ ਦਸ ਸਾਲ ਦਾ ਹੀ ਛੱਡ ਕੇ ਉਹ ਸੰਪੂਰਨ ਥੀਏ ਹਨ।

ਡਾ. ਜੌਲੀ ਦੇ ਇਸ ਭਾਰੀ ਸਦਮੇ ਵਿਚ ਵੱਖ-ਵੱਖ ਖਿਆਲਾਂ
ਦੇ ਰਾਹਨੁਮਾ, ਦੋਸਤ ਪਰਬੰਧਕ ਸਨੇਹੀ ਅਤੇ ਰਿਸ਼ਤੇਦਾਰ ਸ਼ਾਮਲ
ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚਿਆਂ ਵਿਦੇਸ਼ ਤੋਂ
ਫੋਨ ਕਰਕੇ ਡਾ. ਜੌਲੀ ਨਾਲ ਸੰਵੇਦਨਾ ਪ੍ਰਗਟ ਕੀਤੀ ਅਤੇ
ਧੀਰਜ ਬੰਧਾਈ। ਬੀਬੀ ਜੀ ਨਮਿਤ ਅੰਤਮ ਅਰਦਾਸ ੨੦ ਮਈ
੨੦੦੦ ਨੂੰ ਭਾਈ ਗੁਰਦਾਸ ਹਾਲ ਅਮ੍ਰਿਤਸਰ ਵਿਚ ਹੋਈ ਜਿਸ
ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੁਗਿੰਦਰ
ਸਿੰਘ ਵੇਦਾਂਤੀ ਸਹਿਤ ਸੰਗਤਾਂ ਦੀ ਭਾਰੀ ਗਿਣਤੀ ਨੇ ਭਾਗ
ਲਿਆ।

ਅਸੀਂ ਜੌਲੀ ਪਰਿਵਾਰ ਦੇ ਇਸ ਇਮਤਿਹਾਨ ਵਿਚ ਸਫਲ
ਹੋਣ ਵਾਸਤੇ ਅਰਦਾਸ ਕਰਦੇ ਹਾਂ।

*-ਜਗਦੀਸ਼ ਸਿੰ*




Sri Satguru Jagjit Singh Ji eLibrary NamdhariElibrary@gmail.com

## ਪ੍ਰਤੀਕਿਰਿਆ

### ਰੀਸਾਂ ਨਹੀਂ ਵਰਿਆਮ ਦੀਆਂ

*-ਅਜੀਤ ਸਿੰਘ ਚੀਮਾ*

ਮਾਂ ਬੋਲੀ ਲਈ ਜਿਨ੍ਹਾਂ ਨੇ ਕੰਮ ਕੀਤਾ,
ਸਿਫਤਾਂ ਹੁੰਦੀਆਂ ਉਨ੍ਹਾਂ ਦੇ ਨਾਮ ਦੀਆਂ।
ਕਈ ਦੈਨਿਕ ਤੇ ਮਾਸਕ ਅਖ਼ਬਾਰ ਨਿਕਲਣ,
ਲਿਖਦੇ ਗੱਲਾਂ ਉਹ ਬੜੇ ਅਹਿਤਰਾਮ ਦੀਆਂ।
ਕਈ ਪੱਤਰ ਸਪਤਾਹਕ ਵੀ ਚੱਲ ਰਹੇ ਨੇ,
ਕੀ ਕਰਾਂ ਮੈਂ ਸਿਫ਼ਤਾਂ ਤਮਾਮ ਦੀਆਂ।
ਸੇਵਾ ਮਾਂ ਪੰਜਾਬੀ ਦੀ ਸਭ ਕਰਦੇ,
ਰੀਸਾਂ ਨਹੀਂ ਰਸਾਲੇ ਵਰਿਆਮ ਦੀਆਂ।

ਸੋਹਣੇ ਲੇਖਾਂ ਨਾਲ ਪਰਚਾ 'ਭਰਪੂਰ' ਹੁੰਦਾ,
ਲੇਖਕ ਵਰਕੇ ਇਤਿਹਾਸ ਦੇ ਫੋਲਦੇ ਨੇ।
ਸੱਚ ਲਿਖਦੇ ਸੱਚੇ ਨਿਸ਼ੰਗ ਹੋ ਕੇ,
ਸੱਚ ਝੂਠ ਨੂੰ ਅਕਲ ਨਾਲ ਤੋਲਦੇ ਨੇ।
ਕਈ ਘੁੰਡੀਆਂ ਪਈਆਂ ਇਤਿਹਾਸ ਅੰਦਰ,
ਉਨ੍ਹਾਂ ਤਾਈਂ ਨਿੱਡਰ ਹੋ ਖੋਲ੍ਹਦੇ ਨੇ।
ਲਿਖਦੇ ਬਹੁਤ ਜਗਦੀਸ਼ ਜੀ ਵਿਤੋਂ ਬਾਹਰਾ,
ਪਰ ਵੱਧ ਸੋਚਦੇ ਤੇ ਘੱਟ ਬੋਲਦੇ ਨੇ।

ਏਦੇ ਟਾਈਟਲ ਤੇ ਕਾਗਜ਼ ਨੂੰ ਵੇਖਕੇ ਤੇ,
ਹਰ ਕੋਈ ਏਸ ਦੀ ਸਿਫ਼ਤੋ ਸਲਾਹ ਕਰਦਾ।
ਏਦੀ ਵਧੀਆ ਪ੍ਰਿੰਟਿੰਗ ਨੂੰ ਦਾਦ ਦੇ ਕੇ,
ਹਰ ਇਕ ਪੜ੍ਹਨ ਵਾਲਾ ਵਾਹ ਵਾਹ ਕਰਦਾ।
ਗ਼ਜ਼ਲਾਂ, ਛੰਦ, ਕਬਿੱਤ ਤੇ ਬੈਂਤ ਲਿਖ ਕੇ,
ਕਵੀ ਆਪਣਾ ਫਰਜ਼ ਅਦਾ ਕਰਦਾ।
ਚੰਦ ਵਾਂਗਰਾਂ ਚਾਂਦਨੀ ਰਹੇ ਵੰਡਦਾ,
ਚੀਮਾ ਰੱਬ ਦੇ ਅੱਗੇ ਦੁਆ ਕਰਦਾ।

ਪੰਝੀ ਸਾਲ ਤੱਕ ਏਸ ਦੀ ਬਾਂਹ ਫੜ ਕੇ,
ਬੜੀਆਂ ਔਕੜਾਂ ਤੁਸੀਂ ਸਹਾਰਦੇ ਰਹੇ।
ਕਦੀ ਮਾਇਆ ਦੀ ਥੁੜ ਨੇ ਤੰਗ ਕੀਤਾ,
ਮੱਥਾ ਨਾਲ ਮੁਸੀਬਤ ਦੇ ਮਾਰਦੇ ਰਹੇ।
ਕਿਸੇ ਕੋਲੋਂ ਨਹੀਂ ਕਦੀ ਵੀ ਮਦਦ ਮੰਗੀ,
ਸਗੋਂ ਦੁੱਖਾਂ ਨੂੰ ਖੂਬ ਵੰਗਾਰਦੇ ਰਹੇ।
ਹਸਤੀ ਰੱਖੀ ਵਰਿਆਮ ਦੀ ਕਾਇਮ ਚੀਮਾ
ਮੁੱਲ ਤੁਸੀਂ ਕੁਰਬਾਨੀ ਦਾ ਤਾਰਦੇ ਰਹੇ।

ਮਈ ਦੇ ਵਰਿਆਮ ਅੰਕ ਦੀ ਫੱਬਤ, ਤੰਤੀ ਸਾਜ਼ ਵਜਾਉਂਦੇ ਭਗਤ ਜਨਾਂ ਨੂੰ ਪਾਰ ਲੰਘਾਉਣ ਵਾਲੇ, ਨਾਮਦੇਵ ਜੀ ਦੀ ਮਨਮੋਹਨੀ ਦਿੱਖ ਨਾਲ ਪਾਠਕਾਂ ਨੂੰ ਕੀਲ ਰਹੀ ਹੈ। ਭਗਤ ਜੀ-ਤੁਸੀਂ ਸੱਚ ਮੁੱਚ ਹੀ ਆਪਣੇ ਪਰਚੇ ਦੀ ਵਧੀਆ ਦਿੱਖ ਬਣਾਈ ਰੱਖਣ ਲਈ ਚੋਖਾ ਤਰੱਦਦ ਕਰ ਰਹੇ ਹੋ। ਹਮੇਸ਼ਾ ਵਾਂਗ ਤੁਹਾਡੀ ਸੰਪਾਦਕੀ ਸਾਰ ਗ੍ਰਭਿਤ ਅਤੇ ਗੁਰਬਚਨ ਸਿੰਘ ਨਾਮਧਾਰੀ ਦੇ ਪਰਾ ਭੌਤਿਕ ਸੰਸਾਰ ਬਾਰੇ ਲੇਖ ਬੜੀ ਤਰਲ ਸ਼ੈਲੀ ਵਿਚ ਜਜ਼ਬੇ ਗੁੱਧੀ ਭਾਸ਼ਾ ਨਾਲ ਲਬਰੇਜ਼ ਹੁੰਦੇ ਹਨ। ਬਿਹਾਰ ਦੇ ਪੀੜਿਤ ਲੋਕਾਂ ਦਾ ਨੇੜਿਉਂ ਅਵਲੋਕਨ ਕਰਨ ਵਾਲੀ ਮਹਾਨਤਮ ਸਖਸ਼ੀਅਤ ਦੇ ਇਹ ਸ਼ਬਦ ਕਿਸੇ ਵੀ ਪੂੰਜੀ ਗ੍ਰੱਸੇ ਵਿਅਕਤੀ ਲਈ ਰਾਮਬਾਣ ਹੋਣੇ ਚਾਹੀਦੇ ਹਨ। "ਤੁਸਾਂ ਮੇਰੇ ਲਈ ਸੈਕਿੰਡ ਕਲਾਸ ਦੀ ਟਿਕਟ ਲੈਣੀ ਸੀ...... ਸੰਗਤ ਦੀ ਮਿਹਨਤ ਮੁਸ਼ੱਕਤ ਦਾ ਪੈਸਾ ਇਸ ਤਰ੍ਹਾਂ ਖਰਚ ਕਰਨਾ ਠੀਕ ਨਹੀਂ।" ਸੀ.ਐਲ. ਲੱਕੀ ਵੀ ਕਵੀ ਨਾਮਦੇਵ ਜੀ ਦਾ ਅਲੌਕਿਕ ਬਿੰਬ ਉਸਾਰਦੇ ਹਨ। ਜੋ ਲੌਕਿਕਤਾ ਵਿਚ ਵੀ ਆਪਣੀਆਂ ਜੜ੍ਹਾਂ ਲਾਈ ਬੈਠਾ ਹੈ।

ਇਸ ਵਾਰ ਦੇ ਕਵਿਤਾ ਭਾਗ ਵਿਚ ਗੁਰਭਜਨ ਗਿੱਲ ਹੋਰਾਂ ਦੀ ਆਪਣੇ ਮੂਲ ਨਾਲੋਂ ਟੁੱਟੇ ਬੰਦੇ ਬਾਰੇ ਲੰਮੀ ਕਵਿਤਾ-ਮਹਾਂਬੀਰ ਸਿੰਘ ਦਰਦੀ, ਚਰਨ ਸੀਚੇਵਾਲਵੀ, ਕਸ਼ਮੀਰ ਕਾਦਰ, ਲਖਵਿੰਦਰ ਬਾਜਵਾ, ਕਰਤਾਰ ਸਿੰਘ ਕਾਲੜਾ, ਕੁਲਵੰਤ ਔਜਲਾ ਆਦਿ ਦੀਆਂ ਮਨੁੱਖੀ ਸਰੋਕਾਰਾਂ ਪ੍ਰਤੀ ਜੀਵੰਤ ਗ਼ਜ਼ਲਾਂ; ਤੁਹਾਡੀ ਦੱਖਣੀ ਅਫਰੀਕਾ ਦੀ ਯਾਤਰਾ, ਸੰਤ ਜੀਵਨ ਸਿੰਘ ਕਵੀਸ਼ਰ ਬਾਰੇ ਲੇਖ। ਬੀਬੀ ਬੇਅੰਤ ਕੌਰ ਜੀ ਦਾ ਬਚਿੱਤਰ ਨਾਟਕ ਦਾ ਟੀਕਾ, ਬਾਬਾ ਬੰਨੋਆਣਾ ਜੀ ਦਾ ਧੁਰ ਅੰਦਰ ਤੱਕ ਨਿਪਟ ਮਨੁੱਖ ਅਤੇ ਨਿਰਛਲ ਵਿਅਕਤਵ ਦੇ ਧਨੀ ਸ੍. ਜਸਦੇਵ ਸਿੰਘ ਸੰਧੂ ਬਾਰੇ ਲੇਖ ਅਤੇ ਬੀਬੀ ਜਗੀਰ ਕੌਰ ਸੰਧੂ ਹੋਰਾਂ ਦੀ ਵਰਿਆਮ ਬਾਰੇ ਕਵਿਤਾ ਸਭ ਇਸ ਅੰਕ ਦੀਆਂ ਮਾਨਯੋਗ ਪ੍ਰਾਪਤੀਆਂ ਹਨ। ਬੀਬੀ ਸਿੰਦਰ ਕੌਰ ਦਿੱਲੀ ਦੇ ਸੁਝਾਉ ਨਾਲ ਦਾਸ ਵੀ ਸਹਿਮਤ ਹੈ ਕਿ ਕਿਸੇ ਇਕ ਮੰਚ ਤੇ ਵਰਿਆਮ ਦੇ ਨਵੇਂ ਪੁਰਾਣੇ ਪਾਠਕਾਂ, ਪ੍ਰਸੰਸਕਾਂ ਅਤੇ ਰਚਨਾਕਾਰਾਂ ਨੂੰ ਜੋੜਨ ਦਾ ਸੁਯੋਗ ਉਪਰਾਲਾ ਕਰੋ। ਭਾਵੇਂ ਸਤੰਬਰ, ਅਕਤੂਬਰ ਤੱਕ ਕਰ ਲਵੋ, ਕਰਮ ਅਤੇ ਕਲਮ ਖੇਤਰ ਦੇ "ਵਰਿਆਮ" ਦੀ ਚੜ੍ਹਦੀ ਕਲਾ ਦੀ ਦੁਆ ਮੰਗਦਿਆਂ।

*ਸੁਵਰਨ ਸਿੰਘ ਵਿਰਕ*
*ਕਰੀਵਾਲਾ (ਸਿਰਸਾ)*

Sri Satguru Jagjit Singh Ji eLibrary NamdhariElibrary@gmail.com

ਆਪ ਜੀ, ਅਜ ਕਲ੍ਹ "ਵਰਿਆਮ" ਦੀ ਪੰਝੀਵੀਂ ਵਰ੍ਹੇ ਗੰਢ ਮਨਾ ਰਹੇ ਹੋ। ਆਪ ਜੀ ਨੂੰ ਇਸ ਪ੍ਰਤੀ ਲੱਖ ਲੱਖ ਵਧਾਈ ਹੋਵੇ। ਜੋ ਅਸ਼ੀਰਵਾਦ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਤੋਂ ਪ੍ਰਾਪਤ ਕੀਤਾ ਹੈ ਇਸ ਤੋਂ ਵੱਡਮੁੱਲੀ ਦਾਤ ਹੋਰ ਹੋ ਨਹੀਂ ਸਕਦੀ। ਤੁਹਾਡਾ ਪਰਚਾ ਪੜ੍ਹਕੇ ਪਤਾ ਲਗਦਾ ਹੈ ਕਿ ਪੰਜਾਬ, ਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਬੁੱਧੀ ਜੀਵੀ ਆਪ ਜੀ ਦੀ ਸਖਤ ਮਿਹਨਤ ਦੀ ਦਾਦ ਦਿੰਦੇ ਹਨ। ਆਪ ਇਸ ਦੇ ਹਕਦਾਰ ਵੀ ਹੋ। ਮੈਂ ਵੀ ਸਤਿਗੁਰੂ ਜੀ ਦੇ ਚਰਨਾ 'ਚ ਬੇਨਤੀ ਕਰਦਾ ਹਾਂ ਕਿ ਆਪ ਤੇ ਆਪ ਜੀ ਦਾ "ਵਰਿਆਮ" ਹੋਰ ਵਧੇ ਫੁਲੇ ਤੇ ਤਰੱਕੀਆਂ ਮਾਣੇ।

*ਡਾ. ਡੀ.ਐਸ. ਮਠਾੜ*
*ਭਿਲਾਈ (ਮੱਧ ਪ੍ਰਦੇਸ਼)*

ਅੱਜ ਈ ਮਈ ਅੰਕ ਮਿਲਿਆ, ਧੰਨਵਾਦ ਤੁਸਾਂ ਸਿੰਦਰ ਕੌਰ ਦਿੱਲੀ ਦੀ ਕਹਾਣੀ, ਜਾਨੀ ਕਿ ਮੇਰੀ ਲਿਖੀ ਮਿੰਨੀ ਕਹਾਣੀ 'ਟੰਗਾਂ ਭੰਨ ਦਿਆਂਗੇ', ਵਰਿਆਮ ਦੇ ਪਹਿਲੇ ਪੇਜ ਦੇ ਨੇੜੇ ਈ ਛਾਪ ਕੇ ਬਹੁਤ ਕ੍ਰਿਪਾ ਕੀਤੀ ਏ ਧੰਨਵਾਦ, ਤੇ ਦੂਸਰੀ ਮੇਰੀ ਇਕ ਕਵਿਤਾ ਨੂੰ ਵੀ ਜਗ੍ਹਾ ਦਿੱਤੀ ਏ ਵੱਡੇ-ਵੱਡੇ ਲੇਖਾਂ ਨਾਲ ਕਵਿਤਾ ਸੀ (ਆਜ਼ਾਦੀ)। ਉਸ ਦੇ ਥੱਲੇ ਤੁਸੀਂ ਮੇਰਾ ਨਾਮ ਨਹੀਂ ਲਿਖਿਆ, ਹਾਂ ਪਹਿਲੇ ਪੇਜ ਤਤਕਰਾ ਵਿਚ ਤੁਸੀਂ ਜ਼ਰੂਰ ਲਿਖਿਆ ਏ ਸੁਰਿੰਦਰ ਕੌਰ। ਹੋ ਸਕਦਾ ਏ ਇਹ ਗਲਤੀ ਨਾਲ ਛਪਿਆ ਹੋਵੇ ਪਰ ਕ੍ਰਿਪਾ ਕਰਕੇ ਇਸ ਨੂੰ ਸੋਧ ਦਿਉ, ਕਿਉਂਕਿ ਇਸ ਨਾਲ ਸਹੀ ਬੰਦੇ ਦੀ ਕਿਸੇ ਗੱਲੋਂ ਹੋਈ ਤਕਲੀਫ਼ ਨਾਲ ਬਣੀ ਕਵਿਤਾ ਦਾ ਉਸਦਾ ਸਹੀ ਨਾਮ ਹੇਠ ਨਾਂ ਛਪਣਾ ਪੜ੍ਹਨ ਵਾਲੇ ਨੂੰ ਉਸ ਦੀ ਮਾਨਸਿਕ ਦਸ਼ਾ ਦਾ ਅਨੁਭਵ ਨਹੀਂ ਕਰਾ ਸਕਦਾ। ਮੇਰੀ ਹਰ ਕਹਾਣੀ ਜਾਂ ਕਵਿਤਾ ਕਿਸੇ ਕਾਰਨ ਈ ਬਣਦੀ ਏ, ਇਕ ਠੋਸ ਵਜ੍ਹਾ ਹੁੰਦੀ ਏ। ਇਹ ਲੈਟਰ ਮੇਰੀ ਤੁਸੀਂ ਜ਼ਰੂਰ ਛਾਪਣੀ ਤਾਂ ਹੀ ਪਾਠਕਾਂ ਨੂੰ ਪਤਾ ਲੱਗ ਸਕੇਗਾ ਕਿ ਇਹ ਕਿਸ ਬੀਬੀ ਨੇ ਕਵਿਤਾ ਲਿਖੀ ਸੀ। ਆਸ ਕਰਦੀ ਹਾਂ ਅਗੇ ਤੋਂ ਵੀ ਆਪ ਜੀ ਸਾਡੀ ਮਾੜੀ ਮੋਟੀ ਰਚਨਾਵਾਂ ਨੂੰ ਜਗ੍ਹਾ ਬਖਸ਼ਦੇ ਰਵੋਗੇ। ਬਾਕੀ ਸਾਰਾ ਪਰਚਾ ਪੜ੍ਹਿਆ ਏ ਹਮੇਸ਼ਾ ਵਾਂਗਰ, ਵਧੀਆ ਏ, ਪਰ ਸ਼ਹਿਰਾਂ ਵਿਚ ਗੁਆਚ ਗਏ ਬਹੁਤ ਹੀ ਵਧੀਆ ਲਿਖਿਆ ਹੈ ਲਿਖਣ ਵਾਲੇ ਨੇ।

ਘਰੇਲੂ ਰੁਝੇਵੇ ਵਿਚੋਂ ਕਾਹਲੀ ਵਿਚ ਲਿਖੀ ਚਿੱਠੀ

*ਸਿੰਦਰ ਕੌਰ*
*ਦਿੱਲੀ।*

ਤੁਹਾਡੀ ਨਿਰੰਤਰ ਕਿਰਪਾ ਦੇ ਫਲਸਰੂਪ 'ਵੰਰਿਆਮ' ਨਿਰੰਤਰ ਮਿਲ ਰਿਹਾ ਹੈ। ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਤੁਸੀਂ ਸਦਾ ਮੇਰੇ ਵਾਧੇ ਦੇ ਚਾਹਵਾਨ ਰਹੇ ਹੋ ਅਤੇ ਮੇਰੀ ਉੱਨੀ ਨੂੰ ਇੱਕੀ ਸਮਝਦੇ ਰਹੇ ਹੋ। ਇਸੇ ਕਾਰਨ ਹੀ ਤੁਸੀਂ ਮੇਰੇ ਸਿਰਨਾਵੇਂ ਵਿਚਲੇ ਪਿੰਨ ਕੋਡ ਨੂੰ ੧੧੦੦੩੪ ਤੋਂ ਵਧਾ ਕ ੧੧੦੦੩੫ ਕਰ ਦਿੱਤਾ ਹੈ। ਤੁਹਾਡੀ ਇਸ ਸਦਭਾਵਨਾ ਲਈ ਤਾਂ ਧੰਨਵਾਦੀ ਹਾਂ, ਪਰ ਇਸ ਕਾਰਨ ਪਰਚਾ ਪਛੜ ਕੇ ਮਿਲਦਾ ਹੈ। ਕਿਰਪਾ ਕਰਕੇ ਆਪਣੀ ਕਿਰਪਾਲੂ ਦ੍ਰਿਸ਼ਟੀ ਤਾਂ ਬਣਾਈ ਰੱਖੋ, ਪਰ ਮੇਰਾ ਕੋਡ ੧੧੦੦੩੪ ਹੀ ਰਹਿਣ ਦਿਉ।

*ਤੁਹਾਡਾ, (ਗੁਰਬਚਨ ਸਿੰਘ ਭੁੱਲਰ, ਦਿੱਲੀ)*

ਇਹ ਪੜ੍ਹਕੇ ਬੜੀ ਖੁਸ਼ੀ ਹੋਈ ਕਿ ਮਾਸਿਕ ਪੱਤਰ ਵਰਿਆਮ ਦੇ ਸੰਪਾਦਕ ਸੰਤ ਜਗਦੀਸ਼ ਸਿੰਘ ਜੀ ਨੂੰ ੧੧ ਮਾਰਚ ਨੂੰ ਸ੍ਰੀ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਵਿਖੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਮਾਸਿਕ ਵਰਿਆਮ ਦੀਆਂ ਸਾਹਿਤਕ ਸੇਵਾਵਾ ਬਦਲੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਵਲੋਂ ਦਿੱਤਾ ਗਿਆ। ਕਿਉਂਕਿ ਮਾਸਿਕ ਵਰਿਆਮ ਨੂੰ ੨੫ ਸਾਲ ਸਫਲਤਾ ਪੂਰਬਕ ਚਾਲੂ ਰੱਖਣ ਲਈ ਜੋ ਲਗਨ ਤੇ ਮਿਹਨਤ ਸੰਤ ਜਗਦੀਸ਼ ਸਿੰਘ ਜੀ ਨੇ ਕਰ ਵਿਖਾਈ ਹੈ ਇਹ ਕਿਸੇ ਕ੍ਰਿਸ਼ਮੇਂ ਤੋਂ ਘੱਟ ਨਹੀਂ। ਸੰਤ ਜਗਦੀਸ਼ ਸਿੰਘ ਜੀ ਦੀ ਇਸ ਘਾਲਣਾ ਨੂੰ ਵੇਖਦਿਆਂ ਮੈਂ ਇਹ ਕਹਿਣਾ ਚਾਹਾਂਗਾ ਕਿ ਜਗਦੀਸ਼ ਜੀ ਦਾ ਇਹ ਮਾਨ-ਸਨਮਾਨ ਜਿਹੜਾ ਹੁਣ ਕੀਤਾ ਗਿਆ ਹੈ, ਇਸ ਤੋਂ ਕਾਫੀ ਸਮਾਂ ਪਹਿਲਾਂ ਹੋਣਾ ਚਾਹੀਦਾ ਸੀ। ਖੈਰ, ਜਿਵੇਂ ਕਿ ਆਮ ਕਹਾਵਤ ਹੈ, "ਦੇਰ ਆਏ ਦਰੁਸਤ ਆਏ।" ਸੰਤ ਜਗਦੀਸ਼ ਸਿੰਘ ਜੀ ਦਾ ਸਨਮਾਨ ਕੀਤਾ ਜਾਣਾ ਮਾਸਿਕ ਵਰਿਆਮ ਦੇ ਆਦਾਰੇ ਪਾਠਕਾਂ ਸਾਰਿਆਂ ਲਈ ਬੜੀ ਖੁਸ਼ੀ ਦੀ ਗੱਲ ਹੈ।

ਅਖੀਰ ਵਿਚ ਮੈਂ ਸੰਤ ਜਗਦੀਸ਼ ਸਿੰਘ ਜੀ ਨੂੰ ਤਹਿ ਦਿਲ ਤੋਂ ਵਧਾਈ ਭੇਜਦਾ ਹਾਂ।

*-ਮਹਿੰਦਰ ਸਿੰਘ*
*੪੨੪ ਪਟੇਲ ਨਗਰ ਗਲੀ ਨੰ. ੫*
*ਬਰਨਾਲਾ।*


Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੫੯੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਬਜ਼ਾਰ ਨਾਲੋਂ ਸਸਤਾਂ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

**JANTA**

**HYDRAULIC PRESSES**



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*


Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

# For Fitting Diesel Engines in Foreign & INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA


Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

**Registered No. PB/1017/2000** **MONTHLY WARIAM** Ladowali Road, Jalandhar-144 001
Registered with the Registrar of News Papers for India No. 26453/75 **JUNE-2000**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

Sri Satguru Jagjit Singh Ji eLibrary NamdhariElibrary@gmail.com

ਐਡੀਟਰ, ਪ੍ਰਿੰਟਰ, ... ਨਾਮਧਾਰੀ ਪ੍ਰਿੰਟਰਜ਼, ...